Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-
# ਖੇਤੀ ਦੁਨੀਆਂ
www.khetiduniyan.in
Postage Regd. No. PB/PTA/0338/2025-2027


ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।


Editor : Jagpreet Singh • RNI/PUNPUN00806 • Issue Dated 21-06-2025 • Vol.43 No.25 • M. 90410-14575 • Page 16
E-mail : khetiduniyan1983@gmail.com


# 13 ਸਾਲਾਂ ਵਿੱਚ ਪਹਿਲੀ ਵਾਰ ਵਧਿਆ ਨਰਮੇ ਹੇਠ ਰਕਬਾ

## ★ ਸੂਬੇ ਵਿੱਚ 1 ਲੱਖ 19 ਹਜ਼ਾਰ 70 ਹੈਕਟੇਅਰ ਵਿੱਚ ਹੋਈ ਨਰਮੇ ਦੀ ਬਿਜਾਈ ★ 2013 ਮਗਰੋਂ ਸੂਬੇ ਅੰਦਰ ਨਰਮੇ ਹੇਠ ਰਕਬਾ ਲਗਾਤਾਰ ਘਟਦਾ ਜਾ ਰਿਹਾ

ਪੰਜਾਬ ਲਈ ਇਹ ਸ਼ੁੱਭ ਸੰਕੇਤ ਹੈ ਕਿ 13 ਸਾਲਾਂ ਬਾਅਦ ਪਹਿਲੀ ਵਾਰ ਸੂਬੇ ਅੰਦਰ ਨਰਮੇ ਦੀ ਫ਼ਸਲ ਹੇਠ ਰਕਬਾ ਵਧਿਆ ਹੈ। ਸਾਲ 2013 ਤੋਂ ਬਾਅਦ ਸੂਬੇ ਅੰਦਰ ਨਰਮੇ ਹੇਠ ਰਕਬਾ ਲਗਾਤਾਰ ਘਟਦਾ ਆ ਰਿਹਾ ਹੈ। ਸਾਲ 2015 ਵਿੱਚ ਚਿੱਟੀ ਮੱਖੀ ਵੱਲੋਂ ਫ਼ਸਲ ਨੂੰ ਤਬਾਹ ਕੀਤੇ ਜਾਣ ਕਾਰਨ ਕਿਸਾਨਾਂ ਨੇ ਨਰਮੇ ਦੀ ਫ਼ਸਲ ਬੀਜਣ ਤੋਂ ਮੂੰਹ ਮੋੜ ਲਿਆ ਸੀ, ਪਰ ਇਸ ਵਾਰ ਪੰਜਾਬ ਅੰਦਰ 13 ਸਾਲਾਂ ਦੌਰਾਨ ਪਹਿਲੀ ਵਾਰ ਨਰਮੇ ਹੇਠ ਰਕਬਾ ਵਧਿਆ ਹੈ। ਪੰਜਾਬ ਵਿੱਚ ਇਸ ਵਾਰ ਸੂਬੇ ਅੰਦਰ 1 ਲੱਖ 19 ਹਜ਼ਾਰ 70 ਹੈਕਟੇਅਰ ਰਕਬੇ ਵਿੱਚ ਨਰਮੇ ਦੀ ਬਿਜਾਈ ਹੋਈ ਹੈ, ਜਦੋਂਕਿ ਪਿਛਲੇ ਸਾਲ 96,000 ਹੈਕਟੇਅਰ ਰਕਬੇ ਵਿੱਚ ਨਰਮੇ ਦੀ ਬਿਜਾਈ ਹੋਈ ਸੀ। 13 ਸਾਲਾਂ ਵਿੱਚ ਪਹਿਲੀ ਵਾਰ ਸੂਬੇ ਅੰਦਰ 23 ਹਜ਼ਾਰ ਹੈਕਟੇਅਰ ਤੋਂ ਜ਼ਿਆਦਾ ਨਰਮੇ ਹੇਠ ਰਕਬਾ ਵਧਿਆ ਹੈ।



ਸਾਲ 1980 ਤੋਂ ਲੈ ਕੇ ਹੁਣ ਤੱਕ ਨਰਮੇ ਦੀ ਸਭ ਤੋਂ ਵੱਧ ਬਿਜਾਈ 7.42 ਲੱਖ ਹੈਕਟੇਅਰ ਵਿੱਚ ਸਾਲ 1995-96 ਦਰਮਿਆਨ ਹੋਈ ਸੀ।

| ਜ਼ਿਲ੍ਹਾ | ਬਿਜਾਈ | ਟੀਚਾ (ਹੈਕਟੇਅਰ) | ਫੀਸਦੀ |
|---|---|---|---|
| ਬਠਿੰਡਾ | 17,080 | 18,600 | 91.8 |
| ਫਾਜ਼ਿਲਕਾ | 60,121 | 64,000 | 93.9 |
| ਮਾਨਸਾ | 27,621 | 28,500 | 96.9 |
| ਸ੍ਰੀ ਮੁਕਤਸਰ | 13,240 | 12,650 | 104.7 |
| ਬਰਨਾਲਾ | 376 | 550 | 68.3 |
| ਫਰੀਦਕੋਟ | 302 | 300 | 100.7 |
| ਸੰਗਰੂਰ | 246 | 300 | 82.0 |
| ਮੋਗਾ | 84.6 | 100 | 84.6 |
| ਕੁੱਲ ਬਿਜਾਈ | 1,19,062 | 1,25,000 | 95.2 |

ਸਾਲ 2011-12 ਵਿੱਚ ਸੂਬੇ ਅੰਦਰ ਨਰਮੇ ਹੇਠ ਰਕਬਾ 5.16 ਲੱਖ ਹੈਕਟੇਅਰ ਸੀ, ਪਰ ਇਸ ਤੋਂ ਬਾਅਦ ਲਗਾਤਾਰ ਨਰਮੇ ਹੇਠ ਰਕਬਾ ਘਟਦਾ ਆ ਰਿਹਾ ਹੈ। ਇਨ੍ਹਾਂ 13 ਸਾਲਾਂ ਵਿੱਚ ਪੰਜਾਬ ਅੰਦਰ ਨਰਮੇ ਹੇਠ ਰਕਬਾ 4.20 ਲੱਖ ਹੈਕਟੇਅਰ ਘਟਿਆ ਹੈ। ਸਾਲ 2015 ਵਿੱਚ ਚਿੱਟੀ ਮੱਖੀ ਨੇ ਨਰਮੇ ਦੀ ਪੂਰੀ ਫ਼ਸਲ ਤਬਾਹ ਕਰ ਦਿੱਤੀ ਸੀ, ਜਿਸ ਤੋਂ ਬਾਅਦ ਇਕਦਮ ਨਰਮੇ ਹੇਠ ਰਕਬਾ ਘਟਣਾ ਸ਼ੁਰੂ ਹੋ ਗਿਆ। ਚਿੱਟੀ ਮੱਖੀ ਅਤੇ ਗੁਲਾਬੀ ਸੁੰਡੀ ਦੇ ਖੌਫ ਅਤੇ ਨਰਮੇ ਦਾ ਸਹੀ ਭਾਅ ਨਾ ਮਿਲਣ ਕਾਰਨ ਕਿਸਾਨ ਲਗਾਤਾਰ ਨਰਮੇ ਦੀ ਫ਼ਸਲ ਬੀਜਣ ਤੋਂ ਮੂੰਹ ਮੋੜ ਰਹੇ ਸਨ। ਪਰ ਇਸ ਵਾਰ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨਿੱਜੀ ਤੌਰ 'ਤੇ ਨਰਮੇ ਹੇਠ ਰਕਬੇ ਨੂੰ ਵਧਾਉਣ ਲਈ ਯਤਨ ਕਰ ਰਹੇ ਸਨ ਅਤੇ ਉਨ੍ਹਾਂ ਦੇ ਯਤਨਾਂ ਨੂੰ ਹੁਣ ਬੂਰ ਪਿਆ ਹੈ।

ਪੰਜਾਬ ਦੇ ਖੇਤੀਬਾੜੀ ਮੰਤਰੀ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਦਾ ਜੱਦੀ ਸ੍ਰੀ ਮੁਕਤਸਰ ਜ਼ਿਲ੍ਹਾ ਅਜਿਹਾ ਹੈ, ਜਿੱਥੇ ਵਿਭਾਗ ਵੱਲੋਂ ਮਿੱਥੇ ਗਏ ਟੀਚੇ ਤੋਂ ਵੱਧ ਨਰਮੇ ਦੀ ਬਿਜਾਈ ਹੋਈ ਹੈ। ਹਾਲਾਂਕਿ ਪੰਜਾਬ ਅੰਦਰ ਚਾਰ ਜ਼ਿਲ੍ਹਿਆਂ ਵਿੱਚ ਹੀ ਨਰਮੇ ਦੀ ਵਧੇਰੇ ਬਿਜਾਈ ਕੀਤੀ ਜਾਂਦੀ ਹੈ, ਜਦੋਂਕਿ ਬਾਕੀ ਜ਼ਿਲ੍ਹਿਆਂ ਵਿੱਚ ਨਾਮਾਤਰ ਨਰਮੇ ਦੀ ਬਿਜਾਈ ਹੁੰਦੀ ਹੈ। ਮਾਲਵਾ ਖੇਤਰ ਦੇ ਚਾਰ ਜ਼ਿਲ੍ਹਿਆਂ ਫਾਜ਼ਿਲਕਾ, ਬਠਿੰਡਾ, ਮਾਨਸਾ ਅਤੇ ਸ੍ਰੀ ਮੁਕਤਸਰ ਸਾਹਿਬ ਵਿੱਚ ਨਰਮੇ ਦੀ ਬਿਜਾਈ ਦਾ 1 ਲੱਖ 23 ਹਜ਼ਾਰ 750 ਹੈਕਟੇਅਰ ਦਾ ਟੀਚਾ ਮਿੱਥਿਆ ਗਿਆ ਸੀ, ਜਿਸ ਵਿੱਚੋਂ ਇਨ੍ਹਾਂ ਜ਼ਿਲ੍ਹਿਆਂ ਅੰਦਰ 1 ਲੱਖ 18 ਹਜ਼ਾਰ 62 ਹੈਕਟੇਅਰ ਵਿੱਚ ਨਰਮੇ ਦੀ ਬਿਜਾਈ ਹੋਈ। 60 ਹਜ਼ਾਰ 121 ਹੈਕਟੇਅਰ ਨਰਮੇ ਦੀ ਬਿਜਾਈ ਕਰਕੇ ਫਾਜ਼ਿਲਕਾ ਜ਼ਿਲ੍ਹਾ ਅੱਵਲ ਰਿਹਾ ਹੈ, ਜਦੋਂਕਿ 27 ਹਜ਼ਾਰ 662 ਹੈਕਟੇਅਰ ਵਿੱਚ ਨਰਮੇ ਦੀ ਬਿਜਾਈ ਕਰਕੇ ਮਾਨਸਾ ਜ਼ਿਲ੍ਹਾ ਦੂਜੇ ਨੰਬਰ 'ਤੇ ਰਿਹਾ, ਜਦੋਂਕਿ ਫਰੀਦਕੋਟ, ਬਰਨਾਲਾ, ਸੰਗਰੂਰ ਅਤੇ ਮੋਗਾ ਜ਼ਿਲ੍ਹਿਆਂ ਵਿੱਚ ਸਿਰਫ 1008 ਹੈਕਟੇਅਰ ਰਕਬੇ ਵਿੱਚ ਨਰਮੇ ਦੀ ਬਿਜਾਈ ਹੋਈ ਹੈ। ਸ੍ਰੀ ਮੁਕਤਸਰ ਜ਼ਿਲ੍ਹੇ ਅੰਦਰ 12 ਹਜ਼ਾਰ 650 ਹੈਕਟੇਅਰ ਰਕਬੇ ਵਿੱਚ ਨਰਮੇ ਦੀ ਬਿਜਾਈ ਦਾ ਟੀਚਾ ਮਿੱਥਿਆ ਗਿਆ ਸੀ, ਪਰ ਇਸ ਜ਼ਿਲ੍ਹੇ ਅੰਦਰ 12 ਹਜ਼ਾਰ 650 ਹੈਕਟੇਅਰ ਰਕਬੇ ਵਿੱਚ ਨਰਮੇ ਦੀ ਬਿਜਾਈ ਹੋਈ।

## ਕਿਸਾਨਾਂ ਨੂੰ ਮੁੜ ਫ਼ਸਲੀ ਵਿਭਿੰਨਤਾ ਵੱਲ ਲਿਆਂਦਾ ਜਾ ਰਿਹੈ – ਖੁੱਡੀਆਂ

ਪੰਜਾਬ ਦੇ ਖੇਤੀਬਾੜੀ ਮੰਤਰੀ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਦਾ ਕਹਿਣਾ ਸੀ ਕਿ ਇਹ ਚੰਗੀ



ਗੱਲ ਹੈ ਕਿ ਕਿਸਾਨ ਨਰਮੇ ਦੀ ਫ਼ਸਲ ਵੱਲ ਵਾਪਸ ਮੁੜੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਜਿੱਥੇ ਨਰਮੇ ਦਾ ਬੀਜ ਸਬਸਿਡੀ 'ਤੇ ਦਿੱਤਾ ਗਿਆ ਹੈ, ਉਥੇ ਹੀ ਨਹਿਰੀ ਪਾਣੀ ਤੇ ਬਿਜਲੀ ਸਮੇਂ ਸਿਰ ਮੁਹੱਈਆ ਕਰਵਾਈ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਖੇਤੀਬਾੜੀ ਵਿਭਾਗ ਕਿਸਾਨਾਂ ਦੀ ਭਲਾਈ ਲਈ ਦਿਨ-ਰਾਤ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮੁੜ ਫ਼ਸਲੀ ਵਿਭਿੰਨਤਾ ਵੱਲ ਲਿਆਂਦਾ ਜਾ ਰਿਹਾ ਹੈ।

# ਉੱਤਰ ਪ੍ਰਦੇਸ਼ ਦੇ ਦਸਹਿਰੀ ਅੰਬ ਦੀ ਦੁਬਈ ਨੂੰ ਸਿੱਧੀ ਬਰਾਮਦ

ਉੱਤਰ ਪ੍ਰਦੇਸ਼ ਸਰਕਾਰ ਦੀਆਂ ਖੇਤੀਬਾੜੀ ਬਰਾਮਦ ਨੂੰ ਬੜਾਵਾ ਦੇਣ ਦੀਆਂ ਕੋਸ਼ਿਸ਼ਾਂ ਤਹਿਤ 1,200 ਕਿਲੋ ਦਸਹਿਰੀ ਅੰਬ (400 ਬਕਸੇ, ਹਰੇਕ ਦਾ ਭਾਰ 3 ਕਿਲੋ) ਹਵਾਈ ਰਸਤੇ ਰਾਹੀਂ ਦੁਬਈ ਭੇਜਿਆ ਗਿਆ ਹੈ। ਬਿਆਨ ਮੁਤਾਬਕ ਦਰਾਮਦਕਾਰ ਕੰਪਨੀ ਵਰਗੋ ਟਰੇਡਿੰਗ, ਐਲ. ਐਲ. ਸੀ., ਦੁਬਈ, ਯੂ. ਏ. ਈ.



ਹੈ ਅਤੇ ਭੇਜੇ ਗਏ ਅੰਬ ਦਾ ਕੁੱਲ ਮੁੱਲ 2,992 ਅਮਰੀਕੀ ਡਾਲਰ ਹੈ, ਜੋ ਉੱਤਰ ਪ੍ਰਦੇਸ਼ ਦੇ ਆਮ ਉਤਪਾਦਕਾਂ ਨੂੰ ਕੌਮਾਂਤਰੀ ਬਾਜ਼ਾਰ ਵਿੱਚ ਨਵੀਂ ਪਛਾਣ ਦਿਵਾ ਰਿਹਾ ਹੈ।

ਬਾਗਬਾਨੀ, ਖੇਤੀਬਾੜੀ ਮਾਰਕੀਟਿੰਗ ਅਤੇ ਖੇਤੀਬਾੜੀ ਵਿਦੇਸ਼ੀ ਵਪਾਰ ਅਤੇ ਖੇਤੀਬਾੜੀ ਬਰਾਮਦ ਰਾਜ ਮੰਤਰੀ (ਸੁਤੰਤਰ ਚਾਰਜ) ਦਿਨੇਸ਼ ਪ੍ਰਤਾਪ ਸਿੰਘ ਨੇ ਖੇਪ ਨੂੰ ਦੁਬਈ ਲਈ ਹਰੀ ਝੰਡੀ ਵਿਖਾਈ। ਇੰਡੋ-ਜਰਮਨ ਏ. ਐਮ. ਡੀ. ਪ੍ਰੋਜੈਕਟ ਅਨੁਸਾਰ ਲਖਨਊ ਖੇਤਰ ਵਿੱਚੋਂ ਚੁਣੇ ਤਿੰਨ ਐਫ. ਪੀ. ਓ. ਨੂੰ ਖੇਤੀਬਾੜੀ ਬਰਾਮਦ ਦਾ ਅਧਿਆਪਨ ਦੇ ਕੇ ਉਨ੍ਹਾਂ ਦੀ ਸਮਰੱਥਾ ਦਾ ਵਿਕਾਸ ਕੀਤਾ ਗਿਆ। ਇਨ੍ਹਾਂ ਵਿੱਚੋਂ ਇਰਾਦਾ ਫਾਰਮਰਜ਼ ਪ੍ਰੋਡਿਊਸਰ ਕੰਪਨੀ ਲਿਮਟਿਡ ਅਤੇ ਮਲੀਹਾਬਾਦ ਫਾਰਮਰ ਪ੍ਰੋਡਿਊਸਰ ਕੰਪਨੀ ਲਿਮਟਿਡ ਨੂੰ ਦੁਬਈ ਤੋਂ ਦਸਹਿਰੀ ਅੰਬ ਦਾ ਸਿੱਧਾ ਆਰਡਰ ਮਿਲਿਆ ਹੈ।


BEW
KSA
ਕਿਸਾਨ ਖੁਸ਼ਹਾਲ
ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ


• ਲੋਨ ਉਪਲੱਬਧ
• ਸਬਸਿਡੀ ਉਪਲੱਬਧ
• ਬੁਕਿੰਗ ਸ਼ੁਰੂ
• ਪਾਊਡਰ ਕੋਟਿੰਗ ਪੇਂਟ
• ਪੇਟੇਂਟ ਡਿਜਾਇਨ
TOLL FREE NUMBER
1800-120-004455
• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS FARM CORPORATION PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

ਪੰਜਾਬ ਵਿੱਚ ਕਣਕ-ਝੋਨੇ ਦੇ ਪ੍ਰਮੁੱਖ ਫ਼ਸਲੀ ਚੱਕਰ ਵਿਚੋਂ ਰਕਬਾ ਘਟਾਉਣਾ ਇਸ ਸਮੇਂ ਦੀ ਮੁੱਖ ਜ਼ਰੂਰਤ ਹੈ। ਝੋਨੇ ਹੇਠੋਂ ਤਾਂ ਹਰ ਹਾਲਤ ਵਿੱਚ ਇਹ ਕਟੌਤੀ ਇਸ ਲਈ ਵੀ ਜ਼ਰੂਰੀ ਹੈ ਕਿ ਪਾਣੀ ਦਾ ਪੱਧਰ ਦਿਨੋਂ ਦਿਨ ਬੜੀ ਤੇਜ਼ੀ ਨਾਲ ਥੱਲੇ ਜਾ ਰਿਹਾ ਹੈ। ਇਸ ਤੋਂ ਇਲਾਵਾ ਜ਼ਮੀਨ ਦੀ ਸਿਹਤ ਵਿੱਚ ਨਿਘਾਰ ਅਤੇ ਵਾਤਾਵਰਣ ਵਿੱਚ ਵਿਗਾੜ ਵੀ ਆ ਰਿਹਾ ਹੈ। ਝੋਨੇ ਦਾ ਕੁਝ ਰਕਬਾ ਮੱਕੀ ਹੇਠ ਆਸਾਨੀ ਨਾਲ ਲਿਆਂਦਾ ਜਾ ਸਕਦਾ ਹੈ। ਫ਼ਸਲੀ ਵਿਭਿੰਨਤਾ ਵਿੱਚ ਮੱਕੀ ਦੇ ਯੋਗਦਾਨ ਦੀ ਪ੍ਰੋੜਤਾ ਲਈ ਕੁਝ ਨੁਕਤੇ ਹੇਠਾਂ ਦਰਸਾਏ ਗਏ ਹਨ।



## ਖੇਤੀ ਵੰਨ-ਸੁਵੰਨਤਾ ਲਈ

# ਸਾਉਣੀ ਮੱਕੀ ਬੀਜਣੀ ਜ਼ਰੂਰੀ

ਮਹੇਸ਼ ਕੁਮਾਰ, ਤੋਸ਼ ਗਰਗ ਅਤੇ ਐਸ. ਕੇ. ਸੰਧੂ,
ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 94786-27910)

**ਜ਼ਿਆਦਾ ਝਾੜ ਦੇਣ ਵਾਲੀਆਂ ਦੋਗਲੀਆਂ ਕਿਸਮਾਂ** : ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀਆਂ ਦੋਗਲੀਆਂ ਕਿਸਮਾਂ 24-25 ਕੁਇੰਟਲ/ਏਕੜ ਝਾੜ ਦੇ ਸਕਣ ਦੀ ਸਮਰੱਥਾ ਰੱਖਦੀਆਂ ਹਨ, ਜਿਨ੍ਹਾਂ ਵਿੱਚੋਂ ਪੀ. ਐਮ. ਐਚ.-17, ਪੀ. ਐਮ. ਐਚ.-14, ਡੀ. ਕੇ. ਸੀ.-9144, ਬਾਇਓਸੀਡ-9788 ਅਤੇ ਏ. ਡੀ. ਵੀ.-9293 ਕਿਸਮਾਂ 96-98 ਦਿਨਾਂ ਵਿੱਚ ਪੱਕ ਜਾਂਦੀਆਂ ਹਨ।

**ਬੇਬੀ ਕੌਰਨ ਵਾਸਤੇ ਮੱਕੀ ਦੀ ਕਾਸ਼ਤ** : ਢੁਕਵੀਂ ਵਿਉਂਤਬੰਦੀ ਨਾਲ ਕਾਸ਼ਤ ਅਤੇ ਮੰਡੀਕਰਨ ਨਾਲ ਬੇਬੀ ਕੌਰਨ ਤੋਂ ਚੰਗਾ ਪੈਸਾ ਕਮਾਇਆ ਜਾ ਸਕਦਾ ਹੈ।



ਬੇਬੀ ਕੌਰਨ ਫ਼ਸਲੀ ਭਿੰਨਤਾ ਦੇ ਨਾਲ-ਨਾਲ ਛੋਟੀਆਂ ਫੂਡ ਪ੍ਰੋਸੈਸਿੰਗ ਉਦਯੋਗਿਕ ਲੱਗਣ ਵਿੱਚ ਵੀ ਸਹਾਈ ਹੋ ਸਕਦੀ ਹੈ। ਇਸ ਦੇ ਮੰਡੀਕਰਨ ਲਈ ਅਗਾਊਂ ਸੰਪਰਕ ਬਹੁਤ ਜ਼ਰੂਰੀ ਹੈ। ਹੋਟਲਾਂ, ਹਵਾਈ ਅਤੇ ਸਮੁੰਦਰੀ ਜਹਾਜ਼ੀ ਕੰਪਨੀਆਂ ਇਸ ਦੇ ਖਰੀਦਦਾਰ ਵਜੋਂ ਉੱਭਰੀਆਂ ਹਨ। ਬੇਬੀ ਕੌਰਨ 60 ਦਿਨਾਂ ਵਿੱਚ ਤੋੜਨ ਲਈ ਤਿਆਰ ਹੋ ਜਾਂਦੀ ਹੈ। ਮੱਕੀ ਦੀ ਛੱਲੀ ਜਿਸ ਨੇ ਸੂਤ ਕੱਤਣਾ ਸ਼ੁਰੂ ਹੀ ਕੀਤਾ ਹੋਵੇ, ਪਰ ਦਾਣੇ ਬਣਨ ਦੀ ਕਿਰਿਆ ਅਜੇ ਸ਼ੁਰੂ ਨਾ ਹੋਈ ਹੋਵੇ ਨੂੰ ਤੋੜ ਕੇ ਬੇਬੀ ਕੌਰਨ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ। ਇਸ ਸਮੇਂ ਟਾਂਡੇ ਬਿਲਕੁਲ ਹਰੇ ਹੁੰਦੇ ਹਨ, ਜੋ ਕਿ ਪਸ਼ੂਆਂ ਲਈ ਵਧੀਆ ਚਾਰੇ ਦੇ ਤੌਰ 'ਤੇ ਵਰਤੇ ਜਾ ਸਕਦੇ ਹਨ। ਦੋਗਲੀ ਕਿਸਮ ਪੰਜਾਬ ਬੇਬੀ ਕੌਰਨ-1 ਬੇਬੀ ਕੌਰਨ ਲਈ ਬਹੁਤ ਢੁਕਵੀਂ ਕਿਸਮ ਹੈ। ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਬਿਜਾਈ ਤੋਂ ਪਹਿਲਾਂ ਹੀ ਇਸ ਦੇ ਮੰਡੀਕਰਨ ਲਈ ਹੋਟਲਾਂ ਅਤੇ ਕੈਨਰੀਆਂ ਨਾਲ ਸੰਪਰਕ ਕਰ ਲੈਣ।

**ਡੇਅਰੀ ਅਤੇ ਪੋਲਟਰੀ ਫਾਰਮਿੰਗ ਦੇ ਧੰਦੇ ਵਿੱਚ ਮੱਕੀ ਦਾ ਯੋਗਦਾਨ** : ਬੇਬੀਕੌਰਨ ਤੋੜਨ ਤੋਂ ਬਾਅਦ ਟਾਂਡੇ ਨੂੰ ਚਾਰੇ ਦੇ ਤੌਰ 'ਤੇ ਵਰਤਿਆ ਜਾ ਸਕਦਾ ਹੈ। ਮੱਕੀ ਦਾ ਦਾਣਾ ਪਸ਼ੂਆਂ ਅਤੇ ਮੁਰਗੀਆਂ ਲਈ ਬਹੁਤ ਹੀ ਵਧੀਆ ਖੁਰਾਕ ਹਨ। ਆਮ ਮੰਡੀ ਵਿੱਚੋਂ ਖਰੀਦੀ ਫੀਡ ਵਿੱਚ ਖੁਰਾਕੀ ਤੱਤ ਮਿਆਰੀ ਮੁਤਾਬਕ ਨਹੀਂ ਹੁੰਦੇ। ਚੰਗਾ ਹੋਵੇ, ਜੇ ਕਿਸਾਨ ਭਰਾ ਇਹ ਖੁਰਾਕ ਆਪ ਤਿਆਰ ਕਰਨ ਅਤੇ ਮੱਕੀ ਦਾ ਇਸ ਵਿੱਚ ਇਸਤੇਮਾਲ ਕਰਨ। ਮੱਕੀ ਦਾ ਜ਼ਿਆਦਾ ਉਤਪਾਦਨ ਪਸ਼ੂਆਂ ਅਤੇ ਮੁਰਗੀ ਪਾਲਣ ਦੇ ਧੰਦੇ ਵਿੱਚ ਸਹਾਈ ਹੋ ਸਕਦੀ ਹੈ।

**ਜ਼ਮੀਨ ਦੀ ਸਿਹਤ ਵਿੱਚ ਸੁਧਾਰ ਅਤੇ ਪਾਣੀ ਦੀ ਬੱਚਤ** : ਝੋਨੇ ਦੀ ਲਗਾਤਾਰ ਖੇਤੀ ਨਾਲ ਜ਼ਮੀਨ ਦੀ ਹੇਠਲੀ ਤਹਿ ਸਖਤ ਹੋ ਜਾਂਦੀ ਹੈ। ਜਿਸ ਵਿੱਚ ਪੌਦਿਆਂ ਦੀਆਂ ਜੜ੍ਹਾਂ ਦੇ ਫੈਲਣ ਵਿੱਚ ਰੁਕਾਵਟ ਆਉਂਦੀ ਹੈ। ਇਸ ਸਖਤ ਤਹਿ ਵਿੱਚ ਪਾਣੀ ਵੀ ਥੱਲੇ ਨਹੀਂ ਜਾਂਦਾ, ਜਿਸ ਕਰਕੇ ਜ਼ਮੀਨ ਦੀ ਸਿਹਤ ਖਰਾਬ ਹੋ ਰਹੀ ਹੈ। ਇਸ ਤੋਂ ਇਲਾਵਾ ਝੋਨੇ ਦੀ ਪਰਾਲੀ ਦਾ ਸਹੀ ਢੰਗ ਨਾਲ ਨਿਪਟਾਰਾ ਨਾ ਹੋਣ ਕਰਕੇ ਸਿਹਤ ਅਤੇ ਵਾਤਾਵਰਨ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਮੱਕੀ ਦੇ ਟਾਂਡਿਆਂ ਨੂੰ ਆਸਾਨੀ ਨਾਲ ਪਸ਼ੂਆਂ ਦੇ ਚਾਰੇ ਦੇ ਤੌਰ 'ਤੇ ਵਰਤ ਕੇ ਜਾਂ ਜ਼ਮੀਨ ਵਿੱਚੋਂ ਵਾਹ ਕੇ ਨਿਪਟਾਰਾ ਕੀਤਾ ਜਾ ਸਕਦਾ ਹੈ। ਮੱਕੀ ਦੀ ਖੇਤੀ ਨਾਲ ਜ਼ਮੀਨ ਇਸ ਦੋਹਰੀ ਮਾਰ ਤੋਂ ਬਚ ਸਕੇਗੀ। ਜ਼ਮੀਨ ਦੀ ਸਿਹਤ ਵੀ ਸੁਧਰੇਗੀ ਅਤੇ ਵਾਤਾਵਰਣ ਵਿੱਚ ਵੀ ਸੁਧਾਰ ਹੋਵੇਗਾ।

**ਜ਼ਿਆਦਾ ਝਾੜ ਲੈਣ ਲਈ ਅਹਿਮ ਨੁਕਤੇ :**

**ਬਿਜਾਈ ਦਾ ਸਮਾਂ** : ਸੇਂਜੂ ਹਾਲਤਾਂ ਵਿੱਚ ਮੱਕੀ ਦੀ ਬਿਜਾਈ ਮਈ ਦੇ ਅਖੀਰਲੇ ਹਫਤੇ ਤੋਂ ਅਖੀਰ ਜੂਨ ਤੱਕ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਅਗਲੀ ਫ਼ਸਲ ਦੀ ਬਿਜਾਈ ਜਿਵੇਂ ਕਿ ਆਲੂ, ਤੋਰੀਆ, ਕਣਕ ਆਦਿ ਲਈ ਖੇਤ ਸਮੇਂ ਸਿਰ ਖਾਲੀ ਹੋ ਜਾਂਦੇ ਹਨ। ਸਮੇਂ ਸਿਰ ਬੀਜੀ ਫ਼ਸਲ ਤੋਂ ਝਾੜ ਵੀ ਚੰਗਾ ਮਿਲਦਾ ਹੈ ਅਤੇ ਬਾਰਿਸ਼ਾਂ ਵਿੱਚ ਜ਼ਿਆਦਾ ਪਾਣੀ ਦੇ ਨੁਕਸਾਨ ਤੋਂ ਵੀ ਬਚਿਆ ਜਾ ਸਕਦਾ ਹੈ।

**ਬਿਜਾਈ ਦਾ ਢੰਗ ਅਤੇ ਬੀਜ ਦੀ ਮਾਤਰਾ** : ਸਿਫਾਰਿਸ਼ ਕੀਤੇ ਕਾਸ਼ਤ ਦੇ ਢੰਗ ਅਪਣਾਉਣ ਨਾਲ ਬੂਟਿਆਂ ਦੀ ਪੂਰੀ ਗਿਣਤੀ ਦੇ ਨਾਲ-ਨਾਲ ਬੂਟਿਆਂ ਦਾ ਵਾਧਾ ਵੀ ਜ਼ਿਆਦਾ ਹੁੰਦਾ ਹੈ। ਕਿਸਾਨਾਂ ਦੇ ਖੇਤਾਂ ਵਿੱਚ ਬੂਟਿਆਂ ਦੀ ਘੱਟ ਗਿਣਤੀ ਹੋਣਾ ਘੱਟ ਝਾੜ ਦਾ ਪ੍ਰਮੁੱਖ ਕਾਰਨ ਹੈ। ਕਤਾਰ ਤੋਂ ਕਤਾਰ ਦਾ ਫਾਸਲਾ 60 ਸੈਂਟੀਮੀਟਰ ਰੱਖੋ ਅਤੇ ਬੂਟਿਆਂ ਵਿਚਕਾਰ ਫਾਸਲਾ 20 ਸੈਂਟੀਮੀਟਰ ਰੱਖੋ। ਬੀਜ ਦੀ ਮਾਤਰਾ 10 ਕਿਲੋ ਪ੍ਰਤੀ ਏਕੜ ਵਰਤੋ।

**ਖਾਲੀਆਂ ਵਿੱਚ ਬਿਜਾਈ** : ਮਈ ਦੇ ਅਖੀਰਲੇ ਹਫਤੇ ਤੋਂ ਅੱਧ ਜੂਨ ਤੱਕ ਮੱਕੀ ਦੀ ਬਿਜਾਈ ਟਰੈਕਟਰ ਵਾਲੀ ਰਿਜਰ ਮਸ਼ੀਨ ਨਾਲ ਬਣਾਈਆਂ ਖਾਲੀਆਂ ਵਿੱਚ ਕੀਤੀ ਜਾ ਸਕਦੀ ਹੈ, ਜਿਸ ਨਾਲ ਖੁਸ਼ਕ ਅਤੇ ਗਰਮ ਮੌਸਮ ਵਿੱਚ ਪਾਣੀ ਘੱਟ ਅਤੇ ਸੌਖਾ ਲੱਗਦਾ ਹੈ। ਖਾਲੀਆਂ ਵਿੱਚ ਬੀਜੀ ਮੱਕੀ ਦੀ ਫ਼ਸਲ ਬਹੁਤ ਘੱਟ ਡਿੱਗਦੀ ਹੈ ਅਤੇ ਪੱਧਰੀ ਬਿਜਾਈ ਨਾਲੋਂ ਝਾੜ ਵੀ ਜ਼ਿਆਦਾ ਦਿੰਦੀ ਹੈ।

**ਬੈਡ ਜਾਂ ਵੱਟਾਂ 'ਤੇ ਬਿਜਾਈ** : ਬੈਡ ਜਾਂ ਵੱਟਾਂ 'ਤੇ ਬਿਜਾਈ ਨਾਲ ਮੱਕੀ ਦੇ ਉੱਗਣ ਸਮੇਂ ਜ਼ਿਆਦਾ ਬਾਰਿਸ਼ ਨਾਲ ਖੜ੍ਹੇ ਪਾਣੀ ਦੇ ਨੁਕਸਾਨ ਤੋਂ ਬੱਚਤ ਹੋ ਜਾਂਦੀ ਹੈ। ਮੱਕੀ ਦੀ ਬਿਜਾਈ 67.5 ਸੈਂਟੀਮੀਟਰ ਬੈਡ ਦੇ ਵਿਚਕਾਰ 3-5 ਸੈਂਟੀਮੀਟਰ ਡੂੰਘਾਈ ਤੇ ਕਰੋ, ਬੂਟੇ ਤੋਂ ਬੂਟੇ ਦਾ ਫਾਸਲਾ 18 ਸੈਂਟੀਮੀਟਰ ਰੱਖੋ ਜਾਂ 60 ਸੈਂਟੀਮੀਟਰ ਦੀ ਵਿੱਥ 'ਤੇ ਵੱਟਾਂ ਦੇ ਪਾਸੇ ਤੇ 6-7 ਸੈਂਟੀਮੀਟਰ ਦੀ ਉਚਾਈ 'ਤੇ ਬਿਜਾਈ ਕਰੋ। ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖੋ। ਬੈਡ ਬਣਾਉਣ ਲਈ ਕਣਕ ਵਾਲੇ ਬੈਡ ਪਲਾਂਟਰ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਮੱਕੀ ਖੁਰਾਕੀ ਤੱਤਾਂ ਨੂੰ ਬਹੁਤ ਮੰਨਦੀ ਹੈ।

**ਖਾਦਾਂ ਦੀ ਵਰਤੋਂ** : ਖੁਰਾਕੀ ਤੱਤਾਂ ਦੀ ਵਰਤੋਂ ਮਿੱਟੀ ਦੀ ਉਪਜਾਊ ਸ਼ਕਤੀ ਅਤੇ ਫ਼ਸਲੀ ਚੱਕਰ ਅਨੁਸਾਰ ਹੀ ਕਰੋ। ਚੰਗਾ ਝਾੜ ਲੈਣ ਲਈ ਲੰਮੇ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ. ਐਮ. ਐਚ.-17, ਪੀ. ਐਮ. ਐਚ.-14, ਡੀ. ਕੇ. ਸੀ.-9144, ਬਾਇਓਸੀਡ-9788 ਅਤੇ ਏ. ਡੀ. ਵੀ.-9293 ਨੂੰ 110 ਕਿਲੋ ਯੂਰੀਆ, 150 ਕਿਲੋ ਸੁਪਰ ਫਾਸਫੇਟ ਜਾਂ 55 ਕਿਲੋ ਡੀ. ਏ. ਪੀ. ਅਤੇ 20 ਕਿਲੋ ਮਿਊਰੇਟ ਆਫ ਪੋਟਾਸ਼ ਦੀ ਵਰਤੋਂ ਕਰੋ। ਜੇਕਰ ਖੇਤ ਵਿੱਚ ਜ਼ਿੰਕ ਦੀ ਘਾਟ ਹੋਵੇ ਤਾਂ 10 ਕਿਲੋ ਜ਼ਿੰਕ ਸਲਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਜੇਕਰ ਡੀ. ਏ. ਪੀ. 55 ਕਿਲੋ ਪਾਈ ਹੋਵੇ ਤਾਂ ਯੂਰੀਆ 20 ਕਿਲੋ ਘਟਾ ਦਿਉ। ਮੱਕੀ ਤੋਂ ਜ਼ਿਆਦਾ ਝਾੜ ਲੈਣ ਲਈ ਖਾਦਾਂ ਦੀ ਵਰਤੋਂ ਫ਼ਸਲ ਦੀ ਸਹੀ ਸਟੇਜ 'ਤੇ ਕਰੋ। ਇੱਕ-ਤਿਹਾਈ ਯੂਰੀਆ ਅਤੇ ਸਾਰੇ ਦਾ ਸਾਰਾ ਫਾਸਫੋਰਸ ਅਤੇ ਪੋਟਾਸ਼ ਬਿਜਾਈ ਦੇ ਸਮੇਂ ਪਾਉ ਅਤੇ ਇੱਕ ਹਿੱਸਾ ਤਿਹਾਈ ਯੂਰੀਆ ਫ਼ਸਲ ਜਦੋਂ ਗੋਡੇ ਗੋਡੇ ਹੋ ਜਾਵੇ ਅਤੇ ਬਾਕੀ ਦਾ ਯੂਰੀਆ ਬਾਬੂ ਝੰਡੇ ਨਿਕਲਣ 'ਤੇ ਪਾਉ।



**ਨਦੀਨਾਂ ਦੀ ਰੋਕਥਾਮ** : ਨਦੀਨਾਂ ਦੀ ਰੋਕਥਾਮ ਜੇ ਸਹੀ ਸਮੇਂ 'ਤੇ ਨਾ ਕੀਤੀ ਜਾਵੇ ਤਾਂ ਫ਼ਸਲ ਦੇ ਝਾੜ 'ਤੇ ਮਾੜਾ ਅਸਰ ਪੈਂਦਾ ਹੈ। ਨਦੀਨ ਮੱਕੀ ਨਾਲ ਬਿਜਾਈ ਤੋਂ ਲੈ ਕੇ ਵੱਢਣ ਤੱਕ ਨਮੀ, ਪੌਸ਼ਟਿਕ ਤੱਤ, ਧੁੱਪ, ਜਗ੍ਹਾ ਆਦਿ ਲਈ ਮੁਕਾਬਲਾ ਕਰਦੇ ਹਨ।

**ਕਾਸ਼ਤਕਾਰੀ ਢੰਗ** : ਮੱਕੀ ਦੀਆਂ ਕਤਾਰਾਂ ਵਿੱਚ ਇੱਕ ਜਾਂ ਦੋ ਕਤਾਰਾਂ ਰਵਾਂਹ ਦੀਆਂ ਬੀਜੋ ਅਤੇ ਇਸ ਨੂੰ ਬੀਜਣ ਤੋਂ 35-45 ਦਿਨਾਂ ਬਾਅਦ ਚਾਰੇ ਵਾਸਤੇ ਕੱਟ ਲਉ। ਇਸ ਪਿਛੋਂ ਮੱਕੀ ਵਿੱਚ ਨਦੀਨਾਂ ਦੀ ਕੋਈ ਸਮੱਸਿਆ ਨਹੀਂ ਆਉਂਦੀ।

**ਦਵਾਈਆਂ ਦੀ ਵਰਤੋਂ :**

★ ਚੌੜੇ ਪੱਤੇ ਵਾਲੇ ਨਦੀਨਾਂ ਲਈ ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਵਿੱਚ ਐਟਰਾਟਾਫ 50 ਡਬਲਯੂ. ਪੀ. (ਐਟਰਾਜ਼ੀਨ) 800 ਗ੍ਰਾਮ ਪ੍ਰਤੀ ਏਕੜ ਅਤੇ ਹਲਕੀਆਂ ਜ਼ਮੀਨਾਂ ਲਈ 500 ਗ੍ਰਾਮ ਪ੍ਰਤੀ ਏਕੜ ਬਿਜਾਈ ਤੋਂ 10 ਦਿਨਾਂ ਦੇ ਅੰਦਰ-ਅੰਦਰ 200 ਲੀਟਰ ਪਾਣੀ ਵਿੱਚ ਘੋਲ ਕੇ ਵਰਤੋਂ।

★ ਆਮ ਨਦੀਨਾਂ ਦੀ ਰੋਕਥਾਮ ਲਈ 105 ਮਿਲੀਲੀਟਰ ਪ੍ਰਤੀ ਏਕੜ ਲੌਡਿਸ 420 ਐਸ. ਸੀ. (ਟੈਂਬੋਟਰਾਇਨ) ਦਾ ਛਿੜਕਾਅ 150 ਲੀਟਰ ਪਾਣੀ ਵਿੱਚ ਘੋਲ ਕੇ ਬਿਜਾਈ ਤੋਂ 20 ਦਿਨਾਂ ਬਾਅਦ ਕਰੋ।

★ ਡੀਲੇ-ਮੋਥੇ ਦੀ ਰੋਕਥਾਮ ਲਈ 2,4-ਡੀ ਅਮਾਈਨ ਸਾਲਟ 58 ਐਸ. ਐਲ. 400 ਮਿ. ਲੀ. ਪ੍ਰਤੀ ਏਕੜ ਬਿਜਾਈ ਤੋਂ 20-25 ਦਿਨ ਬਾਅਦ 150 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਸਹੀ ਕੀਟ/ਬਿਮਾਰੀਆਂ ਦੀ ਸਮੇਂ 'ਤੇ ਰੋਕਥਾਮ ਸਾਉਣੀ ਰੁੱਤ ਵਿੱਚ ਝਾੜ ਨੂੰ ਵਧਾਉਣ ਵਿੱਚ ਸਹਾਈ ਹੁੰਦੀ ਹੈ।

**ਸਿੰਚਾਈ ਪ੍ਰਬੰਧ** : ਸਿੰਚਾਈ ਪ੍ਰਬੰਧ ਇਸ ਤਰ੍ਹਾਂ ਕੀਤਾ ਜਾਵੇ ਕਿ ਬਾਬੂ ਝੰਡੇ ਨਿਕਲਣ ਵੇਲੇ ਅਤੇ ਗੰਢ ਫੁੱਟਣ ਵੇਲੇ ਪਾਣੀ ਦੀ ਘਾਟ ਨਾ ਆਵੇ। ਫ਼ਸਲ ਵਿੱਚ ਪਾਣੀ ਜ਼ਿਆਦਾ ਦੇਰ ਨਹੀਂ ਖੜ੍ਹਨ ਦੇਣਾ ਚਾਹੀਦਾ। ਆਮ ਤੌਰ 'ਤੇ ਮੱਕੀ ਨੂੰ ਬਾਰਿਸ਼ / ਮੀਂਹਾਂ ਦੇ ਅਨੁਸਾਰ 4-6 ਸਿੰਚਾਈਆਂ ਦੀ ਲੋੜ ਪੈਂਦੀ ਹੈ।

**ਮੱਕੀ ਦੀ ਕਟਾਈ ਅਤੇ ਛੜਾਈ** : ਮੱਕੀ ਦੀ ਕਟਾਈ ਉਸ ਸਮੇਂ ਕਰ ਲਉ, ਜਦੋਂ ਛੱਲੀਆਂ ਦੇ ਖੱਗੇ ਸੁੱਕ ਕੇ ਭੂਰੇ ਹੋ ਜਾਣ। ਇਸ ਸਮੇਂ ਟਾਂਡੇ ਅਤੇ ਪੱਤੇ ਕੁਝ ਹਰੇ ਰਹਿ ਸਕਦੇ ਹਨ। ਦਾਣਿਆਂ ਛੱਲੀਆਂ ਦੇ ਪਰਦੇ ਲਾਹੁਣ ਅਤੇ ਦਾਣੇ ਕੱਢਣ ਵਾਲੀ ਮਸ਼ੀਨ ਦੀ ਵਰਤੋਂ ਕੀਤੀ ਜਾ ਸਕਦੀ ਹੈ, ਜਿਸ ਨਾਲ ਪਰਦਿਆਂ ਸਮੇਤ ਛੱਲੀਆਂ ਵਿੱਚੋਂ ਦਾਣੇ ਕੱਢੇ ਜਾ ਸਕਦੇ ਹਨ।

# ਬਾਸਮਤੀ ਦੇ ਝੰਡਾ ਰੋਗ ਦੀ ਸੁਚੱਜੀ ਰੋਕਥਾਮ ਲਈ

## ਬੀਜ ਅਤੇ ਪਨੀਰੀ ਦੀ ਸੋਧ ਇੰਝ ਕਰੋ



ਬਾਸਮਤੀ ਦੀ ਸਫਲ ਕਾਸ਼ਤ ਕਰਨ ਵਿੱਚ ਬਾਸਮਤੀ ਦੇ ਪੈਰ ਗਲ੍ਹਣ ਦਾ ਰੋਗ ਜਾਂ ਝੰਡਾ ਰੋਗ ਇੱਕ ਬਹੁਤ ਵੱਡੀ ਸਮੱਸਿਆ ਹੈ। ਇਸ ਰੋਗ ਦਾ ਜ਼ਿਆਦਾ ਹਮਲਾ ਪੰਜਾਬ ਦੇ ਕੁਝ ਜ਼ਿਲ੍ਹਿਆਂ ਜਿਵੇਂ ਅੰਮ੍ਰਿਤਸਰ, ਗੁਰਦਾਸਪੁਰ, ਫਾਜ਼ਿਲਕਾ, ਤਰਨਤਾਰਨ ਅਤੇ ਕਪੂਰਥਲਾ ਦੇ ਕਈ ਪਿੰਡਾਂ ਵਿੱਚ ਦੇਖਿਆ ਗਿਆ। ਪਿਛਲੇ ਸਾਲ ਝੰਡਾ ਰੋਗ ਦਾ ਪ੍ਰਕੋਪ ਬਾਸਮਤੀ ਝੋਨੇ ਦੀਆਂ ਕਿਸਮਾਂ ਜਿਵੇਂ ਪੂਸਾ ਬਾਸਮਤੀ-1121, ਪੂਸਾ ਬਾਸਮਤੀ-1847, ਪੂਸਾ ਬਾਸਮਤੀ-1845, ਪੂਸਾ ਬਾਸਮਤੀ-1692 ਅਤੇ ਪੂਸਾ ਬਾਸਮਤੀ-1509 ਵਿੱਚ ਦੇਖਿਆ ਗਿਆ ਸੀ। ਅਗੇਤੀ ਬਿਜਾਈ ਵਾਲੀ ਬਾਸਮਤੀ ਵਿੱਚ ਇਸ ਦਾ ਹਮਲਾ ਜ਼ਿਆਦਾ ਪਾਇਆ ਗਿਆ। ਇਹ ਰੋਗ ਬੀਜ ਰਾਹੀਂ ਆਉਂਦਾ ਹੈ। ਕਈ ਕਿਸਾਨ ਵੀਰ ਬੀਜ ਦੀ ਸੋਧ ਤਾਂ ਕਰ ਲੈਂਦੇ ਹਨ, ਪਰ ਪਨੀਰੀ ਦੀ ਸੋਧ ਨਹੀਂ ਕਰਦੇ। ਇਸ ਰੋਗ ਦੀ ਸੁਚੱਜੀ ਰੋਕਥਾਮ ਲਈ ਬੀਜ ਅਤੇ ਪਨੀਰੀ ਦੀ ਸੋਧ ਕਰਨੀ ਬੜੀ ਲਾਜ਼ਮੀ ਹੈ।

**ਬਿਮਾਰੀ-ਗ੍ਰਸਤ ਪੌਦਿਆਂ ਦੀਆਂ ਨਿਸ਼ਾਨੀਆਂ** : ਪੈਰਾਂ ਦਾ ਗਲ੍ਹਣਾ ਜਾਂ ਝੰਡਾ ਰੋਗ ਇੱਕ ਉੱਲੀ ਰੋਗ ਹੈ, ਜੋ ਬਾਸਮਤੀ ਝੋਨੇ ਦੀਆਂ ਸਾਰੀਆਂ ਹੀ ਕਿਸਮਾਂ 'ਤੇ ਪਾਇਆ ਜਾਂਦਾ ਹੈ। ਕੋਈ ਵੀ ਕਿਸਮ ਇਸ ਰੋਗ ਦਾ ਟਾਕਰਾ ਨਹੀਂ ਕਰਦੀ। ਬਿਮਾਰੀ ਵਾਲਾ ਬੀਜ ਇਸ ਰੋਗ ਦਾ ਮੁੱਖ ਕਾਰਨ ਹੁੰਦਾ ਹੈ। ਇਸ ਰੋਗ ਦੇ ਜੀਵਾਣੂੰ ਫ਼ਸਲ ਦਾ ਝਾੜ ਘਟਾਉਣ ਤੋਂ ਇਲਾਵਾ ਇੱਕ ਮਾਈਕੋਟੋਕਸਿਨ (ਜ਼ਹਿਰੀਲੀ ਵਸਤੂ) ਵੀ ਪੈਦਾ ਕਰਦੇ ਹਨ, ਜੋ ਕਿ ਮਨੁੱਖਾਂ ਅਤੇ ਜਾਨਵਰਾਂ ਦੀ ਸਿਹਤ ਲਈ ਇੱਕ ਵੱਡਾ ਖਤਰਾ ਹੈ। ਇਸ ਰੋਗ ਦੀ ਉੱਲੀ ਦੇ ਕਣ ਮੁੱਖ ਤੌਰ 'ਤੇ ਬੀਜ ਅਤੇ ਮਿੱਟੀ ਰਾਹੀਂ ਫੈਲਦੇ ਹਨ, ਜਿਹੜੇ ਕਿ ਪਨੀਰੀ ਲਾਉਣ ਵੇਲੇ ਬੀਜ ਦੇ ਪੁੰਗਰਣ ਸਮੇਂ ਜੜ੍ਹਾਂ ਜਾਂ ਧਰਤੀ ਨਾਲ ਲੱਗਦੇ ਤਣੇ ਦੇ ਹਿੱਸਿ ਰਾਹੀਂ ਸਾਰੇ ਪੌਦੇ 'ਤੇ ਹਮਲਾ ਕਰ ਦਿੰਦੇ ਹਨ, ਜਿਸ ਕਾਰਨ ਸ਼ੁਰੂ ਵਿੱਚ ਬੂਟੇ ਪੀਲੇ ਪੈ ਜਾਂਦੇ ਹਨ ਅਤੇ ਦੂਜਿਆਂ ਬੂਟਿਆਂ ਨਾਲੋਂ ਜ਼ਿਆਦਾ ਉੱਚੇ ਲੰਬੇ ਹੋ ਜਾਂਦੇ ਹਨ। ਬਾਅਦ ਵਿੱਚ ਇਹ ਬੂਟੇ ਥੱਲੇ ਤੋਂ ਉਪਰ ਵੱਲ ਮੁਰਝਾ ਕੇ ਸੁੱਕ ਜਾਂਦੇ ਹਨ। ਬਿਮਾਰੀ ਵਾਲੇ ਬੂਟੇ ਜ਼ਮੀਨ ਉਪਰਲੀਆਂ ਪੋਰੀਆਂ ਤੋਂ ਜੜ੍ਹਾਂ ਬਣਾ ਲੈਂਦੇ ਹਨ। ਰੋਗੀ ਪੌਦੇ ਦੇ ਤਣੇ 'ਤੇ ਗੁਲਾਬੀ ਰੰਗ ਦੀ ਉੱਲੀ ਵੀ ਵੇਖੀ ਜਾ ਸਕਦੀ ਹੈ। ਕਈ ਵਾਰੀ ਬਿਮਾਰੀ ਵਾਲੇ ਬੂਟੇ ਪਨੀਰੀ ਵਿੱਚ ਹੀ ਛੋਟੇ ਰਹਿ ਜਾਂਦੇ ਹਨ ਅਤੇ ਬਾਅਦ ਵਿੱਚ ਸੁੱਕ ਜਾਂਦੇ ਹਨ।

**ਝੰਡਾ ਰੋਗ ਦੀ ਸੁਚੱਜੀ ਰੋਕਥਾਮ ਦੇ ਢੰਗ ਅਤੇ ਜ਼ਰੂਰੀ ਨੁਕਤੇ :**

1. ਇਹ ਬਿਮਾਰੀ ਬੀਜ ਰਾਹੀਂ ਆਉਂਦੀ ਹੈ। ਇਸ ਲਈ ਹਮੇਸ਼ਾ ਰੋਗ ਰਹਿਤ ਬੀਜ ਦੀ ਵਰਤੋਂ ਕਰੋ।

2. ਅਗੇਤੀ ਬਿਜਾਈ ਵਾਲੀ ਫ਼ਸਲ 'ਤੇ ਇਸ ਰੋਗ ਦਾ ਹਮਲਾ ਜ਼ਿਆਦਾ ਵੇਖਣ ਨੂੰ ਮਿਲਦਾ ਹੈ। ਇਸ ਲਈ ਅਗੇਤੀ ਬਿਜਾਈ ਤੋਂ ਗੁਰੇਜ਼ ਕਰੋ।

3. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਬਾਸਮਤੀ ਦੇ ਝੰਡਾ ਰੋਗ ਦੀ ਰੋਕਥਾਮ ਲਈ ਇੱਕ ਬਾਇਓਕੰਟਰੋਲ ਏਜੰਟ (ਟ੍ਰਾਈਕੋਡਰਮਾ ਐਸਪੈਰੇਲਮ 2 ਪ੍ਰਤੀਸ਼ਤ ਡਬਲਯੂ. ਪੀ.) ਵਿਕਸਿਤ ਕੀਤਾ ਹੈ, ਜੋ ਕਿ ਸੈਂਟਰਲ ਇਨਸੈਕਟੀਸਾਈਡ ਬੋਰਡ ਵੱਲੋਂ ਮੰਨਜ਼ੂਰਸ਼ੁਦਾ ਹੈ ਅਤੇ ਪੀ. ਐਲ., ਗੁਰੂਗ੍ਰਾਮ ਕੰਪਨੀ ਵੱਲੋਂ ਮਾਰਕਿਟ ਵਿੱਚ ਵੇਚਿਆ ਜਾ ਰਿਹਾ ਹੈ।

4. ਰੋਗ ਰਹਿਤ ਪਨੀਰੀ ਤਿਆਰ ਕਰਨ ਲਈ ਪਹਿਲਾਂ ਬੀਜ ਨੂੰ 10 ਲੀਟਰ ਪਾਣੀ ਵਿੱਚ 12 ਘੰਟੇ ਲਈ ਡੁਬੋ ਲਉ। ਹਲਕਾ ਬੀਜ ਉੱਪਰ ਤਰ ਆਵੇਗਾ, ਉਸ ਨੂੰ ਨਿਤਾਰ ਕੇ ਬਾਹਰ ਕੱਢ ਦਿਉ ਅਤੇ 8 ਕਿਲੋ ਭਾਰਾ ਬੀਜ ਚੁਣ ਲਉ। ਬੀਜ ਨੂੰ ਬੀਜਣ ਤੋਂ ਪਹਿਲਾਂ ਟ੍ਰਾਈਕੋਡਰਮਾ ਐਸਪੈਰੇਲਮ 2 ਪ੍ਰਤੀਸ਼ਤ ਡਬਲਯੂ. ਪੀ. ਦੇ ਨਾਲ 15 ਗ੍ਰਾਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਕੇ ਪਨੀਰੀ ਦੀ ਬਿਜਾਈ ਕਰ ਲਉ। ਪਨੀਰੀ ਖੇਤ ਵਿੱਚ ਲਾਉਣ ਤੋਂ ਪਹਿਲਾਂ ਉਸ ਦੀਆਂ ਜੜ੍ਹਾਂ ਟ੍ਰਾਈਕੋਡਰਮਾ ਐਸਪੈਰੇਲਮ 2 ਪ੍ਰਤੀਸ਼ਤ ਡਬਲਯੂ. ਪੀ. (15 ਗ੍ਰਾਮ ਪ੍ਰਤੀ ਲੀਟਰ ਪਾਣੀ) ਦੇ ਘੋਲ ਵਿੱਚ 6 ਘੰਟੇ ਲਈ ਡੁਬੋ ਕੇ ਸੋਧਣਾ ਬੜਾ ਲਾਜ਼ਮੀ ਹੈ।

5. ਜੇਕਰ ਬਿਮਾਰੀ ਵਾਲੇ ਬੂਟੇ ਪਨੀਰੀ ਅਤੇ ਖੇਤ ਵਿੱਚ ਦਿਖਾਈ ਦੇਣ ਤਾਂ ਉਨ੍ਹਾਂ ਨੂੰ ਸਮੇਂ ਸਿਰ ਪੁੱਟ ਕੇ ਨਸ਼ਟ ਕਰ ਦਿਉ।

# ਕਲਰਾਠੀਆਂ ਜ਼ਮੀਨਾਂ ਵਿੱਚ ਝੋਨੇ ਦੀ ਸਫਲ ਕਾਸ਼ਤ ਦੇ ਤਰੀਕੇ

ਗਗਨਦੀਪ ਧਵਨ, ਮਨਦੀਪ ਸਿੰਘ, ਹਰਿੰਦਰ ਸਿੰਘ,
ਕ੍ਰਿਸ਼ੀ ਵਿਗਿਆਨ ਕੇਂਦਰ, ਕਪੂਰਥਲਾ (ਮੋ. 70098-69607)

ਕਲਰਾਠੀਆਂ ਜ਼ਮੀਨਾਂ ਵਿਚ ਝੋਨੇ ਦਾ ਵਧੇਰਾ ਝਾੜ ਲੈਣ ਲਈ ਹੇਠ ਦਿੱਤੇ ਨੁਕਤਿਆਂ ਦੀ ਸਿਫਾਰਸ਼ ਕੀਤੀ ਜਾਂਦੀ ਹੈ।

**ਜਿਪਸਮ ਦੀ ਵਰਤੋਂ** : ਜਿਪਸਮ ਦੀ ਵਰਤੋਂ ਮਿੱਟੀ ਪਰਖ ਦੇ ਅਧਾਰ ਤੇ (ਖਾਰੀ ਅੰਗ 9.3 ਤੋਂ ਵੱਧ) ਕੀਤੀ ਜਾਵੇ। ਜਿਪਸਮ ਪਾਉਣ ਉਪਰੰਤ ਖੇਤ ਨੂੰ




ਇਕ ਜਾਂ ਦੋ ਭਰਵੇਂ ਪਾਣੀ ਲਾਏ ਜਾਣ।

**ਜ਼ਮੀਨ ਦੀ ਤਿਆਰੀ** : 9.3 ਤੋਂ ਵੱਧ ਖਾਰੀ ਅੰਗ ਵਾਲੀਆਂ ਜ਼ਮੀਨਾਂ ਵਿਚ ਪਾਣੀ ਦੀ ਰਸਾਈ ਬਹੁਤ ਘੱਟ ਹੋਣ ਕਾਰਨ ਕੱਦੂ ਕਰਨ ਤੋਂ ਗੁਰੇਜ਼ ਕਰੋ। ਇਸ ਤਰ੍ਹਾਂ ਦੀਆਂ ਜ਼ਮੀਨਾਂ ਵਿਚ ਝੋਨੇ ਦੀ ਲਵਾਈ ਤੋਂ ਪਹਿਲਾਂ ਖੇਤ ਨੂੰ ਪਾਣੀ ਨਾਲ ਭਰ ਕੇ ਹਲਕਾ ਜਿਹਾ ਸੁਹਾਗਾ ਦਿਓ ਤਾਂ ਜੋ ਢੇਲੇ ਭੁਰ ਜਾਣ।

**ਕਲਰਾਠੀਆਂ ਜ਼ਮੀਨਾਂ ਵਿਚ ਪਨੀਰੀ ਲਾਉਣ ਦਾ ਢੰਗ** : ਇਨ੍ਹਾਂ ਜ਼ਮੀਨਾਂ ਵਿੱਚ ਲੋੜ ਨਾਲੋਂ ਜ਼ਿਆਦਾ ਕਲਰ ਹੋਣ ਕਾਰਨ ਬੂਟੇ ਦਾ ਵਾਧਾ ਹੌਲੀ-ਹੌਲੀ ਹੁੰਦਾ ਹੈ ਜਿਸ ਕਾਰਨ 40 ਦਿਨਾਂ ਦੀ ਉਮਰ ਵਾਲੀ ਪਨੀਰੀ ਨੂੰ ਆਮ ਸਮੇਂ ਤੋਂ ਇਕ ਹਫਤਾ ਪਹਿਲਾਂ ਲਾ ਦੇਣਾ ਚਾਹੀਦਾ ਹੈ। ਕਲਰਾਠੀਆਂ ਜ਼ਮੀਨਾਂ ਵਿਚ ਬੂਟੇ ਬਹੁਤ ਗਿਣਤੀ ਵਿਚ ਮਰ ਜਾਂਦੇ ਹਨ ਜਿਸ ਦੇ ਸਿੱਟੇ ਵਜੋਂ ਝੋਨੇ ਦਾ ਝਾੜ ਘੱਟ ਜਾਂਦਾ ਹੈ। ਸੋ ਝੋਨੇ ਦੀ ਲਵਾਈ ਵੇਲੇ ਇੱਕ ਥਾਂ 3 ਤੋਂ 4 ਬੂਟੇ ਲਾਉਣੇ ਚਾਹੀਦੇ ਹਨ। ਇਸ ਕਿਸਮ ਦੀਆਂ ਜ਼ਮੀਨਾਂ ਵਿਚ ਪੀ ਆਰ 127 ਕਿਸਮ ਦੀ ਕਾਸ਼ਤ ਨਾ ਕਰੋ।

**ਖਾਦਾਂ ਦੀ ਸੁਚੱਜੀ ਵਰਤੋਂ** : ਕੱਲਰ ਵਾਲੀਆਂ ਜ਼ਮੀਨਾਂ ਵਿਚ ਜੈਵਿਕ ਕਾਰਬਨ ਘੱਟ ਹੁੰਦੀ ਹੈ ਅਤੇ ਨਾਈਟ੍ਰੋਜਨ ਤੱਤ ਦੀ ਬੂਟੇ ਨੂੰ ਘੱਟ ਉਪਲੱਬਧਤਾ ਕਾਰਨ ਝੋਨੇ ਨੂੰ ਯੂਰੀਆ ਖਾਦ 20-25 ਪ੍ਰਤੀਸ਼ਤ ਵੱਧ ਪਾਉਣ ਦੀ ਲੋੜ ਪੈਂਦੀ ਹੈ। ਇਸ ਲਈ ਝੋਨੇ ਨੂੰ 130 ਕਿਲੋ ਯੂਰੀਆ (60 ਕਿਲੋ ਨਾਈਟ੍ਰੋਜਨ ਤੱਤ) ਤਿੰਨ ਬਰਾਬਰ ਹਿੱਸਿਆਂ ਵਿਚ ਪਾਓ। ਪਹਿਲਾ ਹਿੱਸਾ ਪਨੀਰੀ ਲਾਉਣ ਸਮੇਂ, ਦੂਜਾ ਹਿੱਸਾ ਤੇ ਤੀਜਾ ਹਿੱਸਾ ਪਨੀਰੀ ਲਾਉਣ ਤੋਂ 3 ਤੋਂ 6 ਹਫਤੇ ਬਾਅਦ ਪਾਉ। ਫਾਸਫੋਰਸ ਤੇ ਪੋਟਾਸ਼ ਤੱਤ ਦੀ ਵਰਤੋਂ ਇਨ੍ਹਾਂ ਜ਼ਮੀਨਾਂ ਵਿਚ ਆਮ ਜ਼ਮੀਨਾਂ ਵਾਂਗ ਹੀ ਕਰੋ। ਝੋਨੇ ਵਿਚ ਜ਼ਿੰਕ ਦੀ ਘਾਟ ਤੋਂ ਬੱਚਣ ਲਈ ਖੇਤੀ ਦੀ ਤਿਆਰੀ ਸਮੇਂ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡਰੇਟ (33%) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ। ਜੇਕਰ ਖੇਤ ਵਿਚ ਜੰਤਰ ਦੀ ਹਰੀ ਖਾਦ ਝੋਨੇ ਤੋਂ ਪਹਿਲਾਂ ਬੀਜੀ ਹੋਵੇ ਤਾਂ ਝੋਨੇ ਨੂੰ ਸਿਫਾਰਿਸ਼ ਫਾਸਫੋਰਸ ਦੀ ਸਾਰੀ ਮਾਤਰਾ ਜੰਤਰ ਨੂੰ ਪਾ ਦੇਣ ਨਾਲ ਫਾਸਫੋਰਸ ਖਾਦ ਦੀ ਵਰਤੋਂ ਝੋਨੇ ਸਮੇਂ ਕਰਨ ਦੀ ਲੋੜ ਨਹੀਂ ਪੈਂਦੀ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 25
ਮਿਤੀ 21-06-2025

ਐਡੀਟਰ
ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



ਸੰਪਾਦਕੀ ਬੋਰਡ
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



ਕੰਪੋਜ਼ਿੰਗ
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**, Printer, Publisher and Owner of Weekly **'KHETI DUNIYAN'** Printed at **Vargínia Printers**, Shere-e-Punjab Market, Gaushala Road, Patiala-147001 (Pb.) and published from **Kheti Duniyan**, House No. 9-A, Ajit Nagar, Patiala-147001 (Pb.). E-mail : khetiduniyan1983@gmail.com Phone No. 0175-2214575, RNI No.**PUNPUN00806**


# ਕਿਵੇਂ ਹੋਵੇ ਖੇਤੀ ਦਾ ਕਾਇਆ-ਕਲਪ?

**ਕੇਰਲ ਨੇ ਸਬਜ਼ੀਆਂ ਦੀ ਖਰੀਦ ਲਈ ਚੰਗਾ ਢੰਗ ਅਪਣਾਇਆ ਹੈ। ਉਸ ਨੇ ਸਬਜ਼ੀ ਉਤਪਾਦਕਾਂ ਨੂੰ ਉਤਸ਼ਾਹਿਤ ਕਰਨ ਲਈ ਵਿਵਸਥਾ ਕੀਤੀ ਹੈ ਕਿ ਜੇ 16 ਸਬਜ਼ੀਆਂ ਦੀਆਂ ਫ਼ਸਲਾਂ ਦੀਆਂ ਕੀਮਤਾਂ ਘੱਟਣ ਤਾਂ ਸਰਕਾਰ ਆਪ ਫ਼ਸਲਾਂ ਖਰੀਦ ਲਵੇਗੀ....**

ਇਸ ਗੱਲ ਨੂੰ ਭਲੀ-ਭਾਂਤ ਸਵੀਕਾਰ ਕੀਤਾ ਜਾਂਦਾ ਹੈ ਕਿ ਜੇ ਭਾਰਤ ਨੂੰ ਖੁਰਾਕ ਦੇ ਸੰਕਟ ਵਿੱਚੋਂ ਕਿਸੇ ਵਿਵਸਥਾ ਨੇ ਕੱਢਿਆ ਹੈ ਤਾਂ ਉਹ ਸਿਰਫ ਘੱਟੋ-ਘੱਟ ਖਰੀਦ ਮੁੱਲ (ਐਮ. ਐਸ. ਪੀ.) 'ਤੇ ਕਣਕ ਅਤੇ ਝੋਨੇ ਦੀ ਸਰਕਾਰੀ ਖਰੀਦ ਹੈ। ਇਸ ਨੇ ਹੈਰਾਨਕੁੰਨ ਸਿੱਟੇ ਦਿੱਤੇ ਹਨ ਅਤੇ ਪੰਜਾਬ ਵਰਗੇ ਛੋਟੇ ਪ੍ਰਾਂਤ ਜਿਸ ਕੋਲ ਸਿਰਫ 15 ਫੀਸਦੀ ਖੇਤਰ ਸੀ, ਨੇ 60 ਫੀਸਦੀ ਤੱਕ ਅਨਾਜ ਭੰਡਾਰਾਂ ਵਿੱਚ ਹਿੱਸਾ ਪਾਇਆ ਹੈ। ਇਸ ਦੇ ਨਾਲ ਹੀ ਹਰਿਆਣੇ ਦਾ ਹਿੱਸਾ ਹੈ। ਇੱਥੇ ਇਸ ਗੱਲ ਦਾ ਵਰਣਨ ਕਰਨਾ ਜ਼ਰੂਰੀ ਹੈ ਕਿ ਭਾਵੇਂ ਹਰੇ ਇਨਕਲਾਬ ਨੇ ਹੋਰ ਫ਼ਸਲਾਂ ਦੀ ਉਪਜ ਵਿੱਚ ਵੀ ਵਾਧਾ ਕੀਤਾ ਹੈ, ਜਿਨ੍ਹਾਂ ਲਈ ਨਵੇਂ ਬੀਜਾਂ ਦੀ ਖੋਜ, ਖਾਦਾਂ ਵਿੱਚ ਰਸਾਇਣਾਂ ਦੀ ਵਰਤੋਂ, ਬੈਂਕਾਂ ਵੱਲੋਂ ਕਰਜ਼ੇ, ਮੰਡੀਕਰਨ ਦੇ ਸੁਧਾਰ, ਬਿਜਲੀ ਦੀ ਬਹੁਤਾਤ ਆਦਿ ਸਭ ਕੁਝ ਦਾ ਹਿੱਸਾ ਹੈ। ਜਿਸ ਕਦਰ ਕਣਕ ਅਤੇ ਝੋਨੇ ਅਧੀਨ ਰਕਬਾ ਤੇ ਉਪਜ ਵਧੀ ਹੈ, ਉਹ ਪ੍ਰਭਾਵ ਹੋਰ ਫ਼ਸਲਾਂ ਵਿੱਚ ਨਹੀਂ ਮਿਲਿਆ।

## ਕੇਰਲ ਸਰਕਾਰ ਦਾ ਕਾਰਗਰ ਢੰਗ

ਕਣਕ ਅਤੇ ਝੋਨੇ ਨੂੰ ਪੈਦਾ ਕਰਨ ਵਾਲੇ ਪ੍ਰਾਂਤਾਂ ਵਿੱਚ ਦਾਲਾਂ ਵੀ ਬੀਜੀਆਂ ਜਾਂਦੀਆਂ ਹਨ। ਬਾਕੀ ਫ਼ਸਲਾਂ ਦੀ ਸਰਕਾਰੀ ਖਰੀਦ ਨਾ ਹੋਣ ਦਾ ਇੱਕ ਕਾਰਨ ਇਹ ਵੀ ਹੈ ਕਿ ਕਣਕ ਅਤੇ ਝੋਨਾ ਅਨਾਜ ਦੀਆਂ ਉਹ ਫ਼ਸਲਾਂ ਹਨ, ਜਿਨ੍ਹਾਂ 'ਤੇ ਦਾਲਾਂ ਤੇ ਤੇਲਾਂ ਦੇ ਬੀਜਾਂ ਨੂੰ ਖਰੀਦਣ ਨਾਲ ਅਨਾਜ ਦੀ ਪਰਤੀ 'ਤੇ ਪ੍ਰਭਾਵ ਨਾ ਪਵੇ। ਪਰ ਇਹੋ ਜਿਹੀ ਵਿਵਸਥਾ ਜਿਸ ਵਿੱਚ 23 ਜਾਂ ਉਸ ਤੋਂ ਵੱਧ ਫ਼ਸਲਾਂ ਖਰੀਦੀਆਂ ਜਾਣ ਉਹ ਜਾਂ ਤਾਂ ਪ੍ਰਾਂਤਾਂ ਨਾਲ ਮਿਲ ਕੇ ਜਾਂ ਕੰਟਰੈਕਟ ਫਾਰਮਿੰਗ ਨਾਲ ਬੜੀ ਆਸਾਨੀ ਨਾਲ ਸੰਭਵ ਹੈ। ਕੇਰਲ ਸਰਕਾਰ ਨੇ ਸਬਜ਼ੀਆਂ ਦੀ ਖਰੀਦ ਲਈ ਬੜਾ ਕਾਰਗਰ ਢੰਗ ਅਪਣਾਇਆ ਹੈ। ਉਸ ਨੇ ਸਬਜ਼ੀਆਂ ਦੇ ਉਤਪਾਦਕਾਂ ਨੂੰ ਉਤਸ਼ਾਹਿਤ ਕਰਨ ਲਈ ਇਹ ਵਿਵਸਥਾ ਕੀਤੀ ਹੈ ਕਿ ਜੇ 16 ਸਬਜ਼ੀਆਂ ਦੀਆਂ ਫ਼ਸਲਾਂ ਦੀਆਂ ਕੀਮਤਾਂ ਘੱਟਣ ਤਾਂ ਸਰਕਾਰ ਆਪ ਉਹ ਫ਼ਸਲਾਂ ਖਰੀਦ ਲਵੇਗੀ ਤਾਂ ਕਿ ਕੀਮਤ ਸਥਿਰ ਰਹੇ। ਇਸ ਨਾਲ ਜਿੱਥੇ ਕਿਸਾਨ ਦਾ ਫਾਇਦਾ ਹੋਵੇਗਾ, ਉੱਥੇ ਹੀ ਖਰੀਦਦਾਰ ਨੂੰ ਲਗਾਤਾਰ ਉਨ੍ਹਾਂ ਨਿਸ਼ਚਿਤ ਕੀਮਤਾਂ 'ਤੇ ਉਹ ਫ਼ਸਲਾਂ ਮਿਲਦੀਆਂ ਰਹਿਣਗੀਆਂ।

## ਕੈਨੇਡਾ ਦੀ ਕੰਟਰੈਕਟਰ ਫਾਰਮਿੰਗ ਪ੍ਰਣਾਲੀ

ਕੰਟਰੈਕਟਰ ਫਾਰਮਿੰਗ ਦੀ ਖੇਤੀ ਜਿਹੜੀ ਕੈਨੇਡਾ, ਆਸਟਰੇਲੀਆ, ਅਮਰੀਕਾ ਵਰਗੇ ਵਿਸ਼ਾਲ ਅਤੇ ਵਿਕਸਿਤ ਦੇਸ਼ਾਂ ਵਿੱਚ ਇੰਨੀ ਕਾਮਯਾਬ ਹੋਈ ਹੈ, ਉਹ ਭਾਰਤ ਵਿੱਚ ਕਿਉਂ ਨਹੀਂ ਅਪਣਾਈ ਗਈ ਜਾਂ ਉਸ ਦੇ ਸਫਲ ਹੋਣ ਵਿੱਚ ਕੀ ਰੁਕਾਵਟਾਂ ਹਨ ? ਕੀ ਇਹ ਠੇਕੇ ਦੀ ਖੇਤੀ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦ ਵਾਂਗ ਕਾਮਯਾਬ ਨਹੀਂ ਹੋ ਸਕਦੀ ? ਜੇ ਹੋ ਸਕਦੀ ਹੈ ਤਾਂ ਇਸ ਵਿੱਚ ਆ ਰਹੀਆਂ ਰੁਕਾਵਟਾਂ ਨੂੰ ਦੂਰ ਕਿਉਂ ਨਹੀਂ ਕੀਤਾ ਜਾਂਦਾ। ਕੈਨੇਡਾ ਦੀ ਕੰਟਰੈਕਟ ਫਾਰਮਿੰਗ ਪ੍ਰਣਾਲੀ ਦਾ ਅਧਿਐਨ ਕਰਨ ਦਾ ਮੈਨੂੰ ਮੌਕਾ ਮਿਲਿਆ ਸੀ। ਉਸ ਵਿੱਚ ਵੱਖ-ਵੱਖ ਖੇਤਰਾਂ ਵਿੱਚ ਉਪਜ ਦੇ ਜ਼ੋਨ ਬਣੇ ਹੋਏ ਹਨ। ਜਿਵੇਂ ਕਣਕ ਜ਼ੋਨ, ਮੱਕੀ ਜ਼ੋਨ, ਪੋਲਟਰੀ, ਡੇਅਰੀ ਅਤੇ ਸਬਜ਼ੀਆਂ ਦੇ ਜ਼ੋਨ ਆਦਿ। ਇਨ੍ਹਾਂ ਜ਼ੋਨਾਂ ਵਿੱਚ ਨਿੱਜੀ ਕੰਪਨੀਆਂ ਵੱਲੋਂ ਕਿਸਾਨਾਂ ਨਾਲ ਠੇਕੇ ਕੀਤੇ ਜਾਂਦੇ ਹਨ ਕਿ ਉਹ ਇਸ ਕੀਮਤ 'ਤੇ ਅਤੇ ਇੰਨੀ ਮਾਤਰਾ ਵਿੱਚ ਉਹ ਫ਼ਸਲ ਕਿਸਾਨਾਂ ਕੋਲੋਂ ਖਰੀਦ ਲਵੇਗੀ। ਉਹ ਕੰਪਨੀ ਪਹਿਲੇ ਦਿਨ ਤੋਂ ਹੀ ਕਿਸਾਨ ਦੀ ਮੱਦਦ ਕਰਨੀ ਸ਼ੁਰੂ ਕਰ ਦਿੰਦੀ ਹੈ। ਫ਼ਸਲਾਂ ਦੇ ਬੀਜਾਂ ਦੀ ਚੋਣ, ਫ਼ਸਲਾਂ ਦੇ ਵਿਕਾਸ ਵਿੱਚ ਮਦਦ, ਚੰਗੇ ਗੁਣਾਂ ਵਾਲੀ ਫ਼ਸਲ ਲੈਣ ਦਾ ਪ੍ਰਬੰਧ, ਫ਼ਸਲ ਨੂੰ ਬਿਮਾਰੀਆਂ ਤੋਂ ਬਚਾਉਣਾ ਅਤੇ ਇੱਥੋਂ ਤੱਕ ਕਿ ਫ਼ਸਲਾਂ ਦੇ ਬੀਮੇ ਵਿੱਚ ਵੀ ਕੰਪਨੀ ਦਾ ਹਿੱਸਾ ਹੁੰਦਾ ਹੈ। ਫ਼ਸਲਾਂ ਦੀ ਕਟਾਈ 'ਤੇ ਨਿਸ਼ਚਿਤ ਕੀਤੀ ਹੋਈ ਮਾਤਰਾ ਨੂੰ ਖਰੀਦ ਲਿਆ ਜਾਂਦਾ ਹੈ। ਦਸ ਫੀਸਦੀ ਵੱਧ ਜਾਂ ਘੱਟ ਦੀ ਖਰੀਦ ਲਈ ਜਾਂਦੀ ਹੈ। ਉਨ੍ਹਾਂ ਵਿਕਸਿਤ ਦੇਸ਼ਾਂ ਵਿੱਚ ਇਹ ਪ੍ਰਣਾਲੀ ਇੰਨੀ ਕਾਮਯਾਬ ਹੁੰਦੀ ਹੈ ਕਿ ਉਨ੍ਹਾਂ ਵਿੱਚ ਭਾਵੇਂ ਕਿਸੇ 'ਤੇ ਵੀ ਭਾਰਤ ਵਾਂਗ ਘੱਟੋ-ਘੱਟ ਸਮਰਥਨ ਮੁੱਲ 'ਤੇ ਸਰਕਾਰੀ ਖਰੀਦ ਦੀ ਵਿਵਸਥਾ ਨਹੀਂ, ਪਰ ਦੇਸ਼ ਭਰ ਵਿੱਚ ਹੋਣ ਵਾਲਾ ਉਤਪਾਦਨ ਨਾ ਵੱਧ, ਨਾ ਘੱਟ ਹੁੰਦਾ ਹੈ, ਸਗੋਂ ਇਸ ਵਿੱਚ ਨਿਰਯਾਤ ਹੋਣ ਵਾਲੀ ਉਪਜ



ਡਾ. ਸ. ਸ. ਛੀਨਾ

ਵੀ ਸ਼ਾਮਿਲ ਹੁੰਦੀ ਹੈ। ਉਨ੍ਹਾਂ ਵਿਸ਼ਾਲ ਦੇਸ਼ਾਂ ਵਿੱਚ ਵੀ ਸਾਧਨਾਂ ਦੀ ਯੋਗ ਅਤੇ ਪੂਰੀ ਵਰਤੋਂ ਕੀਤੀ ਜਾਂਦੀ ਹੈ, ਜਿਸ ਦੀ ਭਾਰਤ ਵਿੱਚ ਉਨ੍ਹਾਂ ਦੇਸ਼ਾਂ ਤੋਂ ਕਿਤੇ ਵੱਧ ਲੋੜ ਹੈ। ਅਜਿਹਾ ਇਸ ਲਈ ਕਿਉਂਕਿ ਇੱਥੇ ਸਾਧਨਾਂ ਦੀ ਕਮੀ ਹੈ, ਜਿਵੇਂ ਭਾਰਤ ਦਾ ਖੇਤਰ ਸਿਰਫ 2.4% ਹੈ, ਜਦੋਂ ਕਿ ਆਬਾਦੀ ਦੁਨੀਆਂ ਦੀ ਵੱਸੋਂ ਦਾ 17.7% ਹੈ ਅਤੇ ਪਾਣੀ ਦੇ ਸਾਧਨ ਸਿਰਫ 4% ਹਨ। ਭਾਰਤ ਵਿੱਚ ਔਸਤ ਜੋਤ ਇੱਕ ਏਕੜ ਤੋਂ ਵੀ ਘੱਟ ਗਈ ਹੈ। ਇੱਥੇ ਭੂਮੀ ਸਾਧਨਾਂ ਨੂੰ ਵੱਧ ਤੋਂ ਵੱਧ ਵਰਤਣ ਲਈ ਇਹ ਖਿਆਲ ਰੱਖਣਾ ਜ਼ਰੂਰੀ ਹੈ ਕਿ ਕੋਈ ਵੀ ਸਾਧਨ ਅਜਾਈਂ ਨਾ ਜਾਵੇ।

## ਕੰਟਰੈਕਟ ਫਾਰਮਿੰਗ ਕਾਮਯਾਬ ਨਹੀਂ ਹੋਈ

ਭਾਵੇਂ ਘੱਟੋ-ਘੱਟ ਸਮਰਥਨ ਮੁੱਲ 'ਤੇ ਸਰਕਾਰੀ ਖਰੀਦ ਵੀ ਠੇਕੇ ਦੀ ਬਹੁਤ ਉੱਤਮ ਕਿਸਮ ਹੈ, ਜਿਸ ਵਿੱਚ ਹਰ ਕਿਸਾਨ ਲਈ ਇਹ ਯਕੀਨੀ ਹੈ ਕਿ ਉਸ ਦੀ ਸਾਰੀ ਦੀ ਸਾਰੀ ਫ਼ਸਲ ਖਰੀਦ ਲਈ ਜਾਵੇਗੀ, ਪਰ ਇਹ ਵਿਵਸਥਾ ਹਰ ਫ਼ਸਲ ਲਈ ਨਹੀਂ ਅਪਣਾਈ ਜਾ ਸਕਦੀ। ਨਾ ਹੀ ਕੇਂਦਰੀ ਸਰਕਾਰ ਜਾਂ ਪ੍ਰਾਂਤਾਂ ਦੀਆਂ ਸਰਕਾਰਾਂ, ਸੈਂਕੜੇ ਫ਼ਸਲਾਂ ਲਈ ਇਸ ਤਰ੍ਹਾਂ ਦੀ ਖੁੱਲ੍ਹੀ ਵਿਵਸਥਾ ਕਰ ਸਕਦੀਆਂ ਹਨ ਅਤੇ ਨਾ ਕਰਨੀ ਚਾਹੀਦੀ ਹੈ। ਦੇਸ਼ ਭਰ ਵਿੱਚ 15 ਵੱਖ-ਵੱਖ ਜਲਵਾਯੂ ਆਧਾਰਿਤ ਭੂਗੋਲਿਕ ਜ਼ੋਨ ਹਨ, ਜਿਨ੍ਹਾਂ ਵਿੱਚ ਵੱਖ-ਵੱਖ ਫ਼ਸਲਾਂ ਦੀ ਕਾਸ਼ਤ ਹੁੰਦੀ ਹੈ। ਇਹ ਬਹੁਤ ਮੁਸ਼ਕਿਲ ਹੈ ਕਿ ਕੇਂਦਰ ਜਾਂ ਪ੍ਰਾਂਤ ਦੀ ਸਰਕਾਰ ਹਰ ਜ਼ੋਨ ਵਿੱਚ ਹਰ ਫ਼ਸਲ ਖਰੀਦੇ।

ਇਹ ਕੰਮ ਠੇਕੇ ਦੀ ਖੇਤੀ ਰਾਹੀਂ ਨਿੱਜੀ ਕੰਪਨੀਆਂ ਨੂੰ ਉਸੇ ਤਰ੍ਹਾਂ ਹੀ ਕਰਨਾ ਚਾਹੀਦਾ ਹੈ, ਜਿਸ ਤਰ੍ਹਾਂ ਪੱਛਮੀ ਦੇਸ਼ਾਂ ਵਿੱਚ ਠੇਕੇ ਦੀ ਖੇਤੀ ਕੀਤੀ ਜਾਂਦੀ ਹੈ। ਮੁੱਖ ਗੱਲ ਇਹ ਹੈ ਕਿ ਠੇਕੇ ਵਿੱਚ ਵੀ ਓਨਾ ਹੀ ਯਕੀਨੀਕਰਨ ਬਣਨਾ ਚਾਹੀਦਾ ਹੈ, ਜਿੰਨਾ ਕਿ ਸਰਕਾਰੀ ਖਰੀਦ ਦਾ ਹੈ। ਪਰ ਪਿਛਲੇ ਸਮਿਆਂ ਵਿੱਚ ਹੋਏ ਤਜ਼ਰਬੇ ਇਹ ਦੱਸਦੇ ਹਨ ਕਿ ਭਾਰਤ ਵਿੱਚ ਕੰਟਰੈਕਟ ਫਾਰਮਿੰਗ ਕਾਮਯਾਬ ਨਹੀਂ ਹੋਈ। ਵੱਖ-ਵੱਖ ਫ਼ਸਲਾਂ ਨੂੰ ਵਧਾਉਣ ਲਈ ਠੇਕੇ ਦੀ ਖੇਤੀ ਵੱਡਾ ਯੋਗਦਾਨ ਪਾ ਸਕਦੀ ਹੈ, ਪਰ ਇਸ ਨੂੰ ਸਰਕਾਰੀ ਖਰੀਦ ਵਾਂਗ ਭਰੋਸੇਯੋਗ ਅਤੇ ਯਕੀਨੀ ਬਣਾਉਣ ਲਈ ਕੇਂਦਰ ਅਤੇ ਪ੍ਰਾਂਤਾਂ ਦੀਆਂ ਸਰਕਾਰਾਂ ਦੀ ਮੁੱਖ ਤਰਜੀਹ ਹੋਣੀ ਚਾਹੀਦੀ ਹੈ, ਕਿਉਂ ਜੋ ਇਹ ਬਹੁਤ ਵੱਡੇ ਲੋਕ ਹਿੱਤ ਅਤੇ ਕਿਸਾਨ ਹਿੱਤ ਦੀ ਗੱਲ ਹੈ। ਪਿਛਲੇ ਸਮਿਆਂ ਵਿੱਚ ਆਲੂ, ਟਮਾਟਰ, ਦੁੱਧ, ਮੇਥਾ ਅਤੇ ਹੋਰ ਸਬਜ਼ੀਆਂ ਸੰਬੰਧੀ ਨਿੱਜੀ ਕੰਪਨੀਆਂ ਅਤੇ ਕਿਸਾਨਾਂ ਵਿੱਚ ਠੇਕੇ ਹੋਏ ਸਨ, ਜਿਸ ਵਿੱਚ ਉਪਜ ਦੀ ਕੀਮਤ ਮਿੱਥੀ ਗਈ ਸੀ ਅਤੇ ਕੰਪਨੀ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ ਉਹ ਉਸ ਕੀਮਤ 'ਤੇ ਉਸ ਕਿਸਾਨ ਦੀ ਫ਼ਸਲ ਖਰੀਦ ਲਵੇਗੀ। ਪਰ ਬਹੁਤੀ ਵਾਰ ਇਹ ਠੇਕੇ ਕਾਮਯਾਬ ਨਾ ਹੋਏ। ਜੇ ਫ਼ਸਲ ਵੱਧ ਕੀਮਤ 'ਤੇ ਵਿਕ ਸਕਦੀ ਸੀ, ਤਾਂ ਕਿਸਾਨ ਨੇ ਉਹ ਫ਼ਸਲ ਕੰਪਨੀ ਕੋਲ ਨਹੀਂ, ਸਗੋਂ ਹੋਰ ਥਾਵਾਂ 'ਤੇ ਵੇਚ ਦਿੱਤੀ। ਦੂਸਰੀ ਤਰਫ ਜੇ ਉਹ ਫ਼ਸਲ ਘੱਟ ਕੀਮਤ 'ਤੇ ਮਿਲ ਸਕਦੀ ਸੀ ਤਾਂ ਕੰਪਨੀ ਨੇ ਉਹ ਫ਼ਸਲ ਉਸ ਕਿਸਾਨ ਕੋਲੋਂ ਖਰੀਦਣ ਦੀ ਬਜਾਏ ਹੋਰ ਕਿਸਾਨਾਂ ਕੋਲੋਂ ਖਰੀਦ ਲਈ। ਕਈ ਵਾਰ ਕੰਪਨੀ ਵੱਲੋਂ ਨਾ ਖਰੀਦਣ ਲਈ ਫ਼ਸਲ ਦੀ ਕੁਆਲਿਟੀ ਦਾ ਦੋਸ਼ ਵੀ ਲਗਾਇਆ ਗਿਆ।

ਇਸ ਤਰ੍ਹਾਂ ਦੀ ਸਥਿਤੀ ਪੱਛਮੀ ਦੇਸ਼ਾਂ ਦੇ ਕੰਟਰੈਕਟ ਵਿੱਚ ਕਦੇ ਨਹੀਂ ਆਈ ਅਤੇ ਇਹ ਇੱਕੋ ਹੀ ਵੱਡੀ ਤਰੁੱਟੀ ਹੈ, ਜਿਸ ਨੂੰ ਦੂਰ ਕਰਨ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਕਾਨੂੰਨ ਬਣਾ ਕੇ ਬੀਮਾ ਕੰਪਨੀਆਂ ਨੂੰ ਨਾਲ ਜੋੜ ਕੇ ਅਤੇ ਉਹੋ ਯਕੀਨੀਕਰਨ ਪੱਕ ਕਰਨ ਲਈ ਲੋੜੀਂਦੀ ਵਿਵਸਥਾ ਕਰਨੀ ਬਹੁਤ ਜ਼ਰੂਰੀ ਹੈ, ਜਿਹੜੀ ਸਰਕਾਰੀ ਖਰੀਦ ਵਿੱਚ ਹੈ। ਭਾਰਤ ਤੋਂ ਬਹੁਤ ਸਾਰੀਆਂ ਉਹ ਫ਼ਸਲਾਂ ਨਾਲ ਜਿਨ੍ਹਾਂ ਦੀ ਵਿਦੇਸ਼ ਵਿੱਚ ਮੰਗ ਹੈ, ਉਨ੍ਹਾਂ ਲਈ ਨਿੱਜੀ ਕੰਪਨੀ ਹੀ ਮੱਦਦ ਕਰ ਸਕਦੀ ਹੈ, ਉਹ ਕਿਸਾਨ ਦੇ ਵੱਸ ਦੀ ਗੱਲ ਨਹੀਂ। ਠੇਕੇ ਦੀ ਖੇਤੀ ਹਰ ਫ਼ਸਲ ਨੂੰ ਸਭ ਪ੍ਰਾਂਤਾਂ ਤੋਂ ਖਰੀਦਣ ਵਿੱਚ ਵੱਡੀ ਭੂਮਿਕਾ ਨਿਭਾ ਸਕਦੀ ਹੈ, ਪਰ ਇਸ ਨੂੰ ਵੀ ਸਰਕਾਰੀ ਖਰੀਦ ਜਿੰਨਾ ਯਕੀਨੀ ਬਣਾਉਣਾ ਸਰਕਾਰ ਦੀ ਮੁੱਖ ਜ਼ਿੰਮੇਵਾਰੀ ਹੈ, ਜਿਸ ਦੇ ਹੈਰਾਨਕੁੰਨ ਸਿੱਟੇ ਮਿਲ ਸਕਦੇ ਹਨ।

## ਦੂਜੀਆਂ ਫ਼ਸਲਾਂ ਅਧੀਨ ਰਕਬਾ ਘਟਿਆ

ਸੱਚਾਈ ਇਹ ਹੈ ਕਿ ਦੂਜੀਆਂ ਫ਼ਸਲਾਂ ਅਧੀਨ ਖੇਤਰ ਘਟਿਆ ਹੈ। ਇਸ ਦੀ ਇੱਕ ਵਜ੍ਹਾ ਇਹ ਸੀ ਕਿ ਭਾਵੇਂ ਕੇਂਦਰ ਸਰਕਾਰ ਵੱਲੋਂ ਹਰ ਸਾਲ 23 ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਘੋਸ਼ਣਾ ਕੀਤੀ ਜਾਂਦੀ ਸੀ, ਪਰ ਉਨ੍ਹਾਂ ਵਿੱਚੋਂ ਸਰਕਾਰ ਵੱਲੋਂ ਸਿਰਫ ਉਨ੍ਹਾਂ ਪ੍ਰਾਂਤਾਂ ਵਿੱਚੋਂ ਹੀ ਇਨ੍ਹਾਂ ਦੀ ਖਰੀਦ ਕੀਤੀ ਜਾਂਦੀ ਸੀ, ਜਿੱਥੇ ਇਨ੍ਹਾਂ ਦੀ ਉਪਜ ਦੀ ਬਹੁਤਾਤ ਸੀ, ਜਿਵੇਂ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਆਦਿ। ਇੱਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਭਾਰਤ ਵੱਲੋਂ ਹਰ ਸਾਲ ਇੱਕ ਲੱਖ ਕਰੋੜ ਦੇ ਖਾਣ ਵਾਲੇ ਤੇਲਾਂ ਦੀ ਬਰਾਮਦ ਕੀਤੀ ਜਾਂਦੀ ਹੈ ਅਤੇ ਇਸ ਤੋਂ ਵੱਧ ਰਕਮਾਂ ਨਾਲ ਦਾਲਾਂ ਦੀ ਦਰਾਮਦ ਕੀਤੀ ਜਾਂਦੀ ਹੈ ਤਾਂ ਸਰਕਾਰੀ ਖਰੀਦ ਦਾ ਜਾਦੂ ਉਨ੍ਹਾਂ ਫ਼ਸਲਾਂ ਦੀ ਖਰੀਦ ਲਈ ਕਿਉਂ ਨਹੀਂ ਵਰਤਿਆ ਜਾਂਦਾ, ਜਿਨ੍ਹਾਂ ਦੀ ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ ਦੀ ਘੋਸ਼ਣਾ ਕੀਤੀ ਜਾਂਦੀ ਹੈ। ਇਹ ਕੀ ਬਹੁਤ ਮੁਸ਼ਕਲ ਹੈ ਕਿ ਕੇਂਦਰ ਸਰਕਾਰ 23 ਦੀਆਂ 23 ਫ਼ਸਲਾਂ ਦੀ ਸਰਕਾਰੀ ਖਰੀਦ ਸ਼ੁਰੂ ਕਰ ਦੇਵੇ। ਫਿਰ ਭਾਰਤ ਇੱਕ ਵਿਸ਼ਾਲ ਦੇਸ਼ ਹੈ ਅਤੇ ਤੇਲਾਂ ਦੇ ਬੀਜ ਤੇ ਦਾਲਾਂ ਦੀਆਂ ਫ਼ਸਲਾਂ ਸਾਰੇ ਹੀ ਭਾਰਤ ਵਿੱਚ ਵੱਧ ਜਾਂ ਘੱਟ ਬੀਜੀਆਂ ਜਾਂਦੀਆਂ ਹਨ।

ਲਵਦੀਪ ਕੌਰ, ਰਾਜੀਵ ਸਿੱਕਾ ਅਤੇ ਅਸ਼ੋਕ ਕੁਮਾਰ ਗਰਗ,
ਭੂਮੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ

**ਨਾਈਟਰੋਜਨ ਦੀ ਸੁਚੱਜੀ ਢੰਗ ਨਾਲ ਵਰਤੋਂ ਲਈ, ਖਾਦ ਦਾ ਸਮਾਂ, ਮਾਤਰਾ ਅਤੇ ਢੰਗ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਨਾਈਟਰੋਜਨ ਦੀ ਉਪਲੱਬਧਤਾ ਫ਼ਸਲ ਨੂੰ ਵਿਸ਼ੇਸ਼ ਤੌਰ 'ਤੇ ਪ੍ਰਮੁੱਖ ਵਿਕਾਸ ਪੜਾਵਾਂ ਵੇਲੇ ਜਿਵੇਂ ਕਿ ਬੂਝੇ ਬਣਨ ਦੀ ਸ਼ੁਰੂਆਤ, ਸਿੱਟੇ ਦਾ ਨਿਸਰਨਾ, ਗੋਭ ਅਤੇ ਦਾਣੇ ਬਣਨ ਦੇ ਦੌਰਾਨ ਲਾਜ਼ਮੀ ਹੈ। ਇਸ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਯੂਰੀਆ ਦੀ ਵਰਤੋਂ ਨੂੰ ਤਿੰਨ ਬਰਾਬਰ ਕਿਸ਼ਤਾਂ ਵਿੱਚ ਝੋਨੇ ਦੀਆਂ ਸਾਰੀਆਂ ਕਿਸਮਾਂ ਨੂੰ ਪਾਉਣ ਦੀ ਸਿਫਾਰਿਸ਼ ਕੀਤੀ ਹੈ।**



# ਝੋਨੇ ਅਤੇ ਬਾਸਮਤੀ ਵਿੱਚ ਯੂਰੀਏ ਦੀ ਸੁਚੱਜੀ ਵਰਤੋਂ ਕਰੋ

## ਕੱਦੂ ਕਰਨ ਤੋਂ ਪਹਿਲਾਂ ਯੂਰੀਆ ਡਰਿੱਲ ਨਾ ਕਰੋ

ਹਾਲ ਹੀ ਵਿੱਚ ਇੱਕ ਰਿਪੋਰਟ ਦੇ ਮੁਤਾਬਿਕ ਕੁਝ ਕਿਸਾਨ ਝੋਨੇ ਵਿੱਚ ਕੱਦੂ ਕਰਨ ਤੋਂ ਪਹਿਲਾਂ ਪੂਰੀ ਯੂਰੀਆ ਦੀ ਮਾਤਰਾ ਡਰਿੱਲ ਕਰਦੇ ਹਨ। ਜੇਕਰ ਪੂਰੀ ਨਾਈਟਰੋਜਨ ਕੱਦੂ ਕਰਨ ਤੋਂ ਪਹਿਲਾਂ ਪਾਈ ਜਾਵੇ ਤਾਂ ਇਸਦਾ ਜ਼ਿਆਦਾਤਰ ਹਿੱਸਾ ਜਾਂ ਤਾਂ ਖਤਮ ਹੋ ਜਾਂਦਾ ਹੈ ਜਾਂ ਪੌਦਿਆਂ ਦੇ ਮਹੱਤਵਪੂਰਨ ਵਿਕਾਸ ਪੜਾਵਾਂ ਦੌਰਾਨ ਮੌਜੂਦ ਨਹੀਂ ਹੁੰਦਾ। ਨਾਈਟਰੋਜਨ ਖਾਦ ਨੂੰ ਕਿਸ਼ਤਾਂ ਵਿੱਚ ਵੰਡ ਕੇ ਪਾਉਣ ਨਾਲ ਨਾ ਕੇਵਲ ਇਹ ਤੱਤ ਫ਼ਸਲ ਦੇ ਸਾਰੇ ਵਿਸ਼ੇਸ਼ ਪੜਾਵਾਂ 'ਤੇ ਮਿਲਦਾ ਹੈ, ਬਲਕਿ ਇਹ ਵਿਧੀ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਵੀ ਬਚਾਉਂਦੀ ਹੈ।

ਇਸ ਤੱਥ ਦੀ ਘੋਖ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਚਾਰ ਥਾਵਾਂ ਸੰਗਰੂਰ, ਬਠਿੰਡਾ, ਮੋਗਾ ਅਤੇ ਲੁਧਿਆਣਾ 'ਤੇ ਤਜ਼ਰਬੇ ਕੀਤੇ ਗਏ। ਇਨ੍ਹਾਂ ਤਜ਼ਰਬਿਆਂ ਵਿੱਚ ਝੋਨੇ ਦੀ ਕਿਸਮ ਪੀ. ਆਰ.-126 ਲਗਾਈ ਗਈ ਸੀ ਅਤੇ ਦੋ ਤਰੀਕਿਆਂ ਦੀ ਤੁਲਨਾ ਕੀਤੀ ਗਈ ਸੀ, ਭਾਵ ਕੱਦੂ ਕਰਨ ਤੋਂ ਪਹਿਲਾਂ ਪੂਰੀ ਯੂਰੀਆ ਦੀ ਮਾਤਰਾ ਡਰਿੱਲ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀ ਵਿਧੀ। ਨਤੀਜਿਆਂ ਨੇ ਸਪੱਸ਼ਟ ਤੌਰ 'ਤੇ ਦਰਸਾਇਆ ਹੈ ਕਿ ਫ਼ਸਲ ਦਾ ਝਾੜ ਅਤੇ ਝੋਨੇ ਵਿੱਚ



ਨਾਈਟਰੋਜਨ ਦੀ ਮਾਤਰਾ ਦੋਵੇਂ ਕੱਦੂ ਕਰਨ ਤੋਂ ਪਹਿਲਾਂ ਪੂਰੀ ਡਰਿੱਲ ਕੀਤੀ ਯੂਰੀਆ ਵਿੱਚ ਮਹੱਤਵਪੂਰਨ ਤੌਰ 'ਤੇ ਘੱਟ ਸਨ, ਪੂਰੀ ਡਰਿੱਲ ਕੀਤੀ ਯੂਰੀਆ ਵਿੱਚ 20 ਫੀਸਦੀ ਫ਼ਸਲ ਦਾ ਝਾੜ ਘੱਟ ਪਾਇਆ ਗਿਆ ਹੈ। ਇਸੇ ਤਰ੍ਹਾਂ ਝੋਨੇ ਦੇ ਬੂਟੇ ਵੱਲੋਂ ਜ਼ਮੀਨ ਵਿੱਚੋਂ ਲਏ ਗਏ ਨਾਈਟਰੋਜਨ ਤੱਤ ਦੀ ਮਾਤਰਾ ਵਿੱਚ 11.7 ਫੀਸਦੀ ਦੀ ਗਿਰਾਵਟ ਆਈ ਹੈ। ਸਾਡੇ ਤਜ਼ਰਬੇ ਇਹ ਦਰਸਾਉਂਦੇ ਹਨ ਕਿ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀ ਵਿਧੀ ਵਜੋਂ (ਝੋਨੇ ਦੀ ਫ਼ਸਲ ਨੂੰ ਯੂਰੀਆ ਖਾਦ ਦੀਆਂ ਤਿੰਨ ਬਰਾਬਰ ਕਿਸ਼ਤਾਂ ਪਾਉਣ ਨਾਲ) ਫ਼ਸਲ ਦੇ ਸਾਰੇ ਵਿਕਾਸ ਪੜਾਵਾਂ ਵਿੱਚ ਨਾਈਟਰੋਜਨ ਤੱਤ ਦੀ ਪੂਰਤੀ ਹੀ ਨਹੀਂ, ਬਲਕਿ ਇਸ ਤੱਤ ਦੀ ਵਾਧੂ ਮਾਤਰਾ ਦਾ ਪਾਣੀ ਵਿੱਚ ਘੁਲਣ 'ਤੇ ਹੋਣ ਵਾਲੇ ਨੁਕਸਾਨ ਤੋਂ ਵੀ ਬਚਾਅ ਕਰਦੀ ਹੈ। ਇਸ ਤਰ੍ਹਾਂ, ਚੌਲਾਂ ਦੀ ਪੈਦਾਵਾਰ ਵਿੱਚ ਨਾਈਟਰੋਜਨ ਦੀ ਵਰਤੋਂ ਨੂੰ ਕਿਸ਼ਤਾਂ ਰਾਹੀਂ ਪਾਉਣਾ ਇੱਕ ਵਿਗਿਆਨਕ ਤੌਰ 'ਤੇ ਪ੍ਰਮਾਣਿਤ ਅਤੇ ਆਰਥਿਕ ਤੌਰ 'ਤੇ ਲਾਭਦਾਇਕ ਅਤੇ ਵਾਤਾਵਰਣ ਪੱਖੋਂ ਸਹੀ ਢੰਗ ਹੈ।

ਵੱਖ-ਵੱਖ ਢੰਗਾਂ ਨਾਲ ਬੀਜੇ ਝੋਨੇ ਅਤੇ ਬਾਸਮਤੀ ਵਿੱਚ ਵੱਖ-ਵੱਖ ਕਿਸਮਾਂ ਨੂੰ ਯੂਰੀਏ ਦੀ ਸਹੀ ਮਾਤਰਾ ਹੇਠਾਂ ਦੱਸੇ ਅਨੁਸਾਰ ਪਾਓ :

**(ੳ) ਝੋਨੇ ਅਤੇ ਬਾਸਮਤੀ ਦੀ ਸਿੱਧੀ ਬਿਜਾਈ ਲਈ ਯੂਰੀਏ ਦੀ ਸਹੀ ਮਾਤਰਾ :** ਝੋਨੇ ਅਤੇ ਬਾਸਮਤੀ ਦੀ ਸਿੱਧੀ ਬਿਜਾਈ ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਵਿੱਚ ਹੀ ਜ਼ਿਆਦਾ ਕਾਮਯਾਬ ਹੈ, ਕਿਉਂਕਿ ਰੇਤਲੀਆਂ ਜ਼ਮੀਨਾਂ ਵਿੱਚ ਲੋਹੇ ਤੱਤ ਦੀ ਘਾਟ ਜ਼ਿਆਦਾ ਆਉਂਦੀ ਹੈ। ਸਿੱਧੇ ਝੋਨੇ ਵਿੱਚ ਕੱਦੂ ਵਾਲੇ ਝੋਨੇ ਨਾਲੋਂ ਜ਼ਿਆਦਾ ਯੂਰੀਆ ਪੈਂਦਾ ਹੈ, 130 ਕਿਲੋ ਯੂਰੀਆ ਨੂੰ ਬਰਾਬਰ ਹਿੱਸਿਆਂ ਵਿੱਚ ਬਿਜਾਈ ਤੋਂ 4, 6 ਅਤੇ 9 ਹਫਤਿਆਂ ਬਾਅਦ ਪ੍ਰਤੀ ਏਕੜ ਛੱਟੇ ਨਾਲ ਪਾਇਆ ਜਾ ਸਕਦਾ ਹੈ। ਜਿੱਥੇ ਝੋਨੇ ਨੂੰ 6 ਟਨ ਗਲ੍ਹੀ-ਸੜ੍ਹੀ ਰੂੜੀ ਪ੍ਰਤੀ ਏਕੜ ਪਾਈ ਹੋਵੇ ਜਾਂ ਸਣ ਆਦਿ ਦੀ ਹਰੀ ਖਾਦ ਕਰਕੇ ਝੋਨੇ ਤੋਂ ਪਹਿਲਾਂ ਦਬਾਇਆ ਹੋਵੇ, ਉੱਥੇ 40 ਕਿਲੋ ਯੂਰੀਆ ਪ੍ਰਤੀ ਏਕੜ ਘਟਾਇਆ ਜਾ ਸਕਦਾ ਹੈ। ਜਿੱਥੇ ਗਰਮੀ ਰੁੱਤ ਦੀ ਮੂੰਗੀ ਨੂੰ ਫਲੀਆਂ ਤੋੜਨ ਤੋਂ ਬਾਅਦ ਦਬਾਇਆ ਗਿਆ ਹੋਵੇ, ਉੱਥੇ 20 ਕਿਲੋ ਯੂਰੀਆ ਪ੍ਰਤੀ ਏਕੜ ਘਟਾਈ ਜਾ ਸਕਦੀ ਹੈ। ਬਾਸਮਤੀ ਦੀ ਸਿੱਧੀ ਬਿਜਾਈ ਕਰਨ ਵੇਲੇ ਕੇਵਲ 54 ਕਿਲੋ ਯੂਰੀਆ ਖਾਦ ਪ੍ਰਤੀ ਏਕੜ ਦੇ ਹਿਸਾਬ ਨਾਲ ਤਿੰਨ ਬਰਾਬਰ ਕਿਸ਼ਤਾਂ ਵਿੱਚ ਬਿਜਾਈ ਤੋਂ 3, 6 ਅਤੇ 9 ਹਫਤਿਆਂ ਛੱਟੇ ਨਾਲ ਪਾਇਆ ਜਾ ਸਕਦਾ ਹੈ। ਹਰੀ ਖਾਦ ਦਬਾਉਣ ਨਾਲ 36 ਕਿਲੋ ਯੂਰੀਏ ਦੀ ਬੱਚਤ ਅਤੇ ਗਰਮੀ ਰੁੱਤ ਦੀ ਮੂੰਗੀ ਦੀਆਂ ਫਲੀਆਂ ਤੋੜਨ ਤੋਂ ਬਾਅਦ ਦਬਾਉਣ ਨਾਲ 18 ਕਿਲੋ ਯੂਰੀਏ ਦੀ ਬੱਚਤ ਪ੍ਰਤੀ ਏਕੜ ਕੀਤੀ ਜਾ ਸਕਦੀ ਹੈ।

**(ਅ) ਪਨੀਰੀ ਵਾਲੇ ਝੋਨੇ ਅਤੇ ਬਾਸਮਤੀ ਲਈ ਯੂਰੀਆ ਖਾਦ ਦੀ ਵਰਤੋਂ :** ਸੂਬੇ ਵਿੱਚ ਜ਼ਿਆਦਾਤਰ ਝੋਨਾ ਜਾਂ ਬਾਸਮਤੀ ਪਨੀਰੀ ਉਗਾ ਕੇ ਅਤੇ ਖੇਤਾਂ ਦਾ ਕੱਦੂ ਕਰਕੇ ਲਾਇਆ ਜਾਂਦਾ ਹੈ।

★ ਜਦੋਂ ਮਿੱਟੀ ਵਿੱਚ ਜੈਵਿਕ ਕਾਰਬਨ 0.75% ਤੋਂ ਜ਼ਿਆਦਾ ਹੋਵੇ ਤਾਂ 25% ਯੂਰੀਆ ਖਾਦ ਪ੍ਰਤੀ ਏਕੜ ਘਟਾਈ ਜਾ ਸਕਦੀ ਹੈ ਅਤੇ ਜੇਕਰ ਜੈਵਿਕ ਮਾਦਾ 0.40% ਤੋਂ ਘੱਟ ਹੋਵੇ ਤਾਂ 25% ਯੂਰੀਆ ਖਾਦ ਵਧਾਈ ਜਾ ਸਕਦੀ ਹੈ।

★ ਪਨੀਰੀ ਵਾਲੇ ਝੋਨੇ ਵਿੱਚ ਹਰੀ ਖਾਦ ਜਾਂ ਮੁਰਗੀਆਂ ਦੀ ਖਾਦ (2.5 ਟਨ ਪ੍ਰਤੀ ਏਕੜ) ਜਾਂ ਪ੍ਰੈਸਮੱਡ (6 ਟਨ ਪ੍ਰਤੀ ਏਕੜ) ਪਾਉਣ ਤੋਂ ਬਾਅਦ 55 ਕਿਲੋ ਯੂਰੀਆ ਪ੍ਰਤੀ ਏਕੜ ਬਚਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਗਰਮੀ ਰੁੱਤ ਦੀ ਮੂੰਗੀ ਦੀ ਰਹਿੰਦ-ਖੂੰਹਦ ਤੋਂ ਬਾਅਦ ਜਾਂ 6 ਟਨ ਰੂੜੀ ਪਾਉਣ ਨਾਲ ਜਾਂ 2.4 ਟਨ ਸੁੱਕੀ ਗੋਬਰ ਗੈਸ ਸੱਲਰੀ ਜਾਂ 2 ਟਨ ਪਰਾਲੀਚਾਰ ਪ੍ਰਤੀ ਏਕੜ ਤੋਂ ਬਾਅਦ 35 ਕਿਲੋ ਯੂਰੀਆ ਪ੍ਰਤੀ ਏਕੜ ਬਚਾਇਆ ਜਾ ਸਕਦਾ ਹੈ।

★ ਬਾਸਮਤੀ ਨੂੰ ਹਰੀ ਖਾਦ ਜਾਂ ਗਰਮੀ ਰੁੱਤ ਦੀ ਮੂੰਗੀ ਦੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਦਬਾਉਣ ਤੋਂ ਬਾਅਦ ਕੋਈ ਯੂਰੀਆ ਪਾਉਣ ਦੀ ਲੋੜ ਨਹੀਂ।

★ ਲੋੜ ਅਨੁਸਾਰ ਨਾਈਟਰੋਜਨ ਖਾਦ ਦੀ ਵਰਤੋਂ ਲਈ ਪੀ. ਏ. ਯੂ. ਪੱਤਾ ਰੰਗ ਚਾਰਟ ਵਿਧੀ ਅਪਨਾਓ।

★ ਕੱਲਰ ਵਾਲੀਆਂ ਜ਼ਮੀਨਾਂ ਵਿੱਚ 20-25 ਫੀਸਦੀ ਆਮ ਸਿਫਾਰਿਸ਼ ਨਾਲੋਂ ਜ਼ਿਆਦਾ ਨਾਈਟਰੋਜਨ ਪਾਓ।

ਸਾਰਣੀ-1 : ਪਨੀਰੀ ਵਾਲੇ ਝੋਨੇ ਅਤੇ ਬਾਸਮਤੀ ਲਈ ਯੂਰੀਆ ਖਾਦ ਦੀ ਲੋੜ

| ਫ਼ਸਲ | ਕਿਸਮਾਂ | ਯੂਰੀਆ ਖਾਦ (ਪ੍ਰਤੀ ਏਕੜ) | ਕਿਸ਼ਤਾਂ ਦਾ ਵੇਰਵਾ |
|---|---|---|---|
| ਝੋਨਾ | ਪੀ. ਆਰ.-132 | 1.5 ਥੈਲੇ ਯੂਰੀਆ (67.5 ਕਿਲੋ) | 3 ਬਰਾਬਰ ਕਿਸ਼ਤਾਂ (ਪਹਿਲੀ ਕਿਸ਼ਤ ਲੁਆਈ ਤੋਂ 7 ਦਿਨਾਂ ਤੱਕ, ਦੂਜੀ ਕਿਸ਼ਤ ਲੁਆਈ ਤੋਂ 21 ਦਿਨਾਂ ਤੇ ਅਤੇ ਆਖਰੀ ਕਿਸ਼ਤ 42 ਦਿਨਾਂ 'ਤੇ ਪਾਉ।) |
| | ਪੀ. ਆਰ.-126 | 2 ਥੈਲੇ ਯੂਰੀਆ (90 ਕਿਲੋ) | 3 ਬਰਾਬਰ ਕਿਸ਼ਤਾਂ (ਪਹਿਲੀ ਕਿਸ਼ਤ ਲੁਆਈ ਤੋਂ 7 ਦਿਨਾਂ ਤੱਕ, ਦੂਜੀ ਕਿਸ਼ਤ ਲੁਆਈ ਤੋਂ 21 ਦਿਨਾਂ ਤੇ ਅਤੇ ਆਖਰੀ ਕਿਸ਼ਤ 35 ਦਿਨਾਂ 'ਤੇ ਪਾਉ।) |
| | ਹੋਰ ਸਾਰੀਆਂ | 2 ਥੈਲੇ ਯੂਰੀਆ (90 ਕਿਲੋ) ਸਿਫਾਰਿਸ਼ ਕਿਸਮਾਂ | 3 ਬਰਾਬਰ ਕਿਸ਼ਤਾਂ (ਪਹਿਲੀ ਕਿਸ਼ਤ ਲੁਆਈ ਤੋਂ 7 ਦਿਨਾਂ ਤੱਕ, ਦੂਜੀ ਕਿਸ਼ਤ ਲੁਆਈ ਤੋਂ 21 ਦਿਨਾਂ ਤੇ ਅਤੇ ਆਖਰੀ ਕਿਸ਼ਤ 42 ਦਿਨਾਂ 'ਤੇ ਪਾਉ।) |
| ਬਾਸਮਤੀ | ਸੀ. ਐਸ. ਆਰ.-30 | 18 ਕਿਲੋ ਯੂਰੀਆ | 2 ਬਰਾਬਰ ਕਿਸ਼ਤਾਂ ਵਿੱਚ ਪਹਿਲੀ ਕਿਸ਼ਤ ਪਨੀਰੀ ਤੋਂ 3 ਹਫਤੇ ਬਾਅਦ ਅਤੇ ਦੂਸਰੀ ਕਿਸ਼ਤ 6 ਹਫਤੇ ਪਿਛੋਂ ਪਾਉ। |
| | ਪੰਜਾਬ ਬਾਸਮਤੀ-7<br>ਪੰਜਾਬ ਬਾਸਮਤੀ-5<br>ਪੂਸਾ ਬਾਸਮਤੀ-1121<br>ਪੂਸਾ ਬਾਸਮਤੀ-1718 | 36 ਕਿਲੋ ਯੂਰੀਆ | |
| | ਪੂਸਾ ਬਾਸਮਤੀ-1847<br>ਪੂਸਾ ਬਾਸਮਤੀ-1509 | 54 ਕਿਲੋ ਯੂਰੀਆ | |

# ਜਰਨਾ ਤੇ ਹਰਨਾ ਮਨੁੱਖੀ ਜੀਵਨ ਵਿੱਚ ਜਿੱਤ ਦਾ ਪ੍ਰਤੀਕ ਹਨ

ਮਨੁੱਖ ਗਲਤੀਆਂ ਦਾ ਪੁਤਲਾ ਹੈ। ਗਲਤੀ ਮੰਨ ਕੇ ਉਸਨੂੰ ਜਰ ਜਾਣਾ ਇਕ ਬਹੁਤ ਵੱਡੀ ਪ੍ਰਾਪਤੀ ਹੈ। ਮਨੁੱਖ ਵਿਚ ਕਿਸੇ ਗੱਲ ਨੂੰ ਬਰਦਾਸ਼ਤ ਕਰਨ ਦਾ ਮਾਦਾ ਸਿਆਣਪ ਦਾ ਚਿੰਨ ਹੈ। ਕਿਸੇ ਵੀ ਨੁਕਸ ਵੇਖਣ ਦੀ ਥਾਂ ਆਪਣੀਆਂ ਗਲਤੀਆਂ ਤੇ ਝਾਤ ਮਾਰਨੀ ਚਾਹੀਦੀ ਹੈ। ਬਾਕੀ ਜ਼ਿੰਦਗੀ ਵਿਚ ਹਰਨਾਂ ਦੀ ਇਕ ਮਨੁੱਖੀ ਮਾਦਾ ਜਿੱਤ ਵਾਲੇ ਪੱਧਰੇ ਰਸਤੇ ਤੇ ਲੈ ਜਾਂਦਾ ਹੈ। ਜੋ ਆਦਮੀ ਹਰਨਾ ਨਹੀਂ ਜਾਣਦਾ ਉਹ ਜਿੱਤ ਨਹੀਂ ਪ੍ਰਾਪਤ ਕਰ ਸਕਦਾ ਹੈ। ਵਾਰ ਵਾਰ ਕੋਸ਼ਿਸ਼ ਕਰਨਾ ਮਨੁੱਖ ਦਾ ਵੱਡਾਪਣ ਹੈ। ਇਕ ਦਿਨ ਉਹ ਆਪਣੇ ਕੰਮ ਵਿਚ ਸਫਲ ਹੋ ਜਾਂਦਾ ਹੈ। ਜਦ ਇਨਸਾਨ ਵਿਚ ਹਾਰ ਨੂੰ ਜਰਨ ਦਾ ਮਾਦਾ ਪੈਦਾ ਹੋ ਗਿਆ ਤਾਂ ਉਹ ਵੱਡੀਆਂ ਵੱਡੀਆਂ ਉਚਾਈਆਂ ਸਰ ਕਰ ਲੈਂਦਾ ਹੈ। ਜੋ ਆਦਮੀ ਹਾਰਿਆ ਹੀ ਨਾ ਉਹ ਜਿੱਤ ਦਾ ਮੂੰਹ ਨਹੀਂ ਵੇਖ ਸਕਦਾ ਹੈ। ਮਨੁੱਖ ਵਿਚ ਸਬਰ ਸੰਤੋਖ, ਪ੍ਰੇਮ, ਠਰੰਮਾ ਧੀਰਜ, ਸਹਿਨਸ਼ੀਲਤਾ ਆਦਿ ਗੁਣ



**ਜਗਜੀਤ ਸਿੰਘ ਛੱਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਛੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਭਰਪੂਰ ਹੋਣੇ ਹੀ ਜੀਵਨ ਸਫਲਤਾ ਦਾ ਰੂਪ ਧਾਰਨ ਕਰਦਾ ਹੈ। ਇਨਸਾਨ ਨੂੰ ਚੜਾਈਆਂ ਚੜਦੇ ਹੀ ਇਕ ਦਿਨ ਮੰਜ਼ਲ ਮਿਲ ਜਾਂਦੀ ਹੈ। ਮੇਹਨਤ ਕਰਨੀ ਹੀ ਇਕ ਮਨੁੱਖਤਾ ਦਾ ਅਹਿਮ ਗੁਣ ਹੈ। ਧੀਰਜ, ਜਰਨਾ ਹਰਨਾ ਦਾ ਭਰਪੂਰ ਇਨਸਾਰ ਹਮੇਸ਼ਾ ਸਫਲਤਾ ਦਾ ਮੂੰਹ ਦੇਖਦਾ ਹੈ। ਧੀਰਜ ਕਰਕੇ ਸਭ ਕੁੱਠ ਜਰਕੇ ਅਤੇ ਹਾਰ ਨੂੰ ਤੱਕ ਕੇ ਜਦ ਆਪਣੇ ਪੰਧ ਤੇ ਤੁਰਦੇ ਹਾਂ ਤਾਂ ਹਨੇਰੇ ਕੱਟ ਕੇ ਸਵੇਰਾ ਜ਼ਰੂਰ ਵੇਖਣ ਨੂੰ ਮਿਲਦਾ ਹੈ। ਜੀਵਨ ਨੂੰ ਕਦੇ ਵੀ ਨਿਰਾਸ਼ਤਾ ਦੇ ਪੱਖ ਵਿਚ ਲੈ ਕੇ ਜਾਓ, ਜੀਵਨ ਨੂੰ ਹਾਂ ਪੱਖੀ ਜੀਓ। ਜ਼ਿੰਦਗੀ ਸਵਾਦਲੀ ਤੇ ਸੁਹਾਵਣੀ ਸੌਖੀ ਪਲਾਂ ਵਿਚ ਬਤੀਤ ਹੋਵੇਗੀ। ਜੋ ਵਿਅਕਤੀ ਹਾਰ ਤੋਂ ਡਰਦਾ ਹੈ ਉਹ ਸਫਲਤਾ ਵੀ ਨਹੀਂ ਪ੍ਰਾਪਤ ਕਰ ਸਕਦਾ ਹੈ। ਜੋ ਵਿਅਕਤੀ ਹਾਰੇਗਾ ਉਹ ਹੀ ਜਿੱਤੇਗਾ। ਇਸ ਚਰਚਾ ਤੋਂ ਗਿਆਨ ਮਿਲਦਾ ਹੈ ਕਿ ਹਰਨਾ ਜਰਨਾ ਜੀਵਨ ਦੇ ਦੋ ਪਹਿਲੂ ਹਨ। ਜਿਨ੍ਹਾਂ ਨੂੰ ਜੀਵਨ ਵਿਚ ਹਮੇਸ਼ਾ ਯਾਦ ਰੱਖ ਕੇ ਚਲਨਾ ਹੀ ਜ਼ਿੰਦਗੀ ਸਫਰ ਹੈ। ਜੀਵਨ ਵਿਚ ਬਿਨਾ ਖੋਟ ਕੰਮ ਕਰਦੇ ਜਾਓ, ਸਹਿਜ ਮੁਤਾਬਕ ਇਕ ਦਿਨ ਮੰਜ਼ਲ ਦਾ ਸਿਰਾ ਮਿਲ ਜਾਵੇਗਾ।

# ਰੁਜ਼ਗਾਰ ਲਈ ਢੋਲ

ਢੋਲ ਸਾਡਾ ਇੱਕ ਵਿਰਾਸਤੀ ਸਾਜ਼ ਹੈ, ਜੋ ਪੰਜਾਬੀਆਂ ਦਾ ਸਭ ਤੋਂ ਮਨਪਸੰਦ ਗਿਣਿਆ ਜਾਂਦਾ ਹੈ। ਢੋਲ ਦੇ ਡਗੇ 'ਤੇ ਭੰਗੜਾ ਹੀ ਨਹੀਂ, ਹੋਰ ਵੀ 13-14 ਕਿਸਮ ਦੇ ਨਾਚ ਹਨ। ਢੋਲ ਹਰ ਮਹਿਫਲ ਦੀ ਸ਼ਾਨ ਹੈ, ਵਿਆਹ ਹੋਵੇ ਜਾਂ ਕੋਈ ਹੋਰ ਖੁਸ਼ੀ ਦਾ ਮੌਕਾ ਹੋਵੇ, ਢੋਲ ਵੱਜਦਾ ਹੀ ਵੱਜਦਾ ਹੈ। ਅਖਰੋਟ ਦੀ ਲੱਕੜ ਦਾ ਬਣਿਆ ਢੋਲ ਵਧੀਆ ਗਿਣਿਆ ਜਾਂਦਾ ਹੈ, ਹਾਲਾਂਕਿ ਇਹ ਟਾਹਲੀ ਜਾਂ ਹੋਰ ਲੱਕੜ ਦਾ ਵੀ ਹੁੰਦਾ ਹੈ। ਇਸ ਦੇ ਪੁੜੇ ਊਠ ਜਾਂ ਮੱਝ ਦੀ ਖੱਲ ਦੇ ਬਣਦੇ ਹਨ। ਇੱਕ ਪਾਸੇ ਮੋਟੀ ਖੱਲ ਅਤੇ ਦੂਜੇ ਪਾਸੇ ਪਤਲੀ ਖੱਲ ਹੁੰਦੀ ਹੈ। ਪਰ ਅੱਜ ਤੇਜ਼ੀ ਦੇ ਦੌਰ ਵਿੱਚ ਖੱਲ ਘੱਟ ਹੀ ਮਿਲਦੀ ਹੈ। ਇਸ ਲਈ ਹੁਣ ਪੁੜੇ ਸਟੀਲ ਜਾਂ ਫਾਈਬਰ ਦੇ ਬਣਨੇ ਸ਼ੁਰੂ ਹੋ ਗਏ ਹਨ। ਪਰ ਨੁਕਸਾਨ ਇਸ ਦਾ ਇਹ ਹੋਇਆ ਹੈ ਕਿ ਇਨ੍ਹਾਂ ਪੁੜਿਆਂ ਵਿੱਚ ਉਹ ਰਸ ਨਹੀਂ, ਜੋ



**ਜਨਮੇਜਾ ਸਿੰਘ ਜੌਹਲ**
ਮੋ. 98159-45018

ਚਮੜੇ ਦੇ ਪੁੜਿਆਂ ਵਿੱਚ ਹੈ। ਹੁਣ ਬਹੁਤ ਸਾਰੀਆਂ ਥਾਵਾਂ ਅਜਿਹੀਆਂ ਹਨ, ਜਿੱਥੇ ਬਹੁਤ ਸਾਰੇ ਲੋਕ ਢੋਲ ਨੂੰ ਵਜਾਉਣ ਲੱਗ ਪਏ ਹਨ। ਪਰ ਉਨ੍ਹਾਂ ਨੇ ਨਵੇਂ-ਨਵੇਂ ਢੰਗ-ਤਰੀਕੇ ਲੱਭ ਲਏ ਹਨ। ਲੋਹੜੀ ਜਾਂ ਦਿਵਾਲੀ ਮੌਕੇ ਗਲੀਆਂ ਵਿੱਚ ਲੋਕ ਢੋਲ ਲੈ ਕੇ ਫਿਰਦੇ ਹਨ ਅਤੇ ਲੋਕਾਂ ਕੋਲੋਂ ਪੈਸੇ ਮੰਗਦੇ ਹਨ। ਇਸੇ ਤਰ੍ਹਾਂ ਕਈ ਲੋਕ ਧਾਰਮਿਕ ਸਥਾਨਾਂ 'ਤੇ ਜਾਂ ਹੋਰ ਸੈਰ-ਸਪਾਟੇ ਵਾਲੀਆਂ ਥਾਵਾਂ 'ਤੇ ਢੋਲ ਲੈ ਕੇ ਖੜ੍ਹ ਜਾਂਦੇ ਹਨ ਅਤੇ ਜਦੋਂ ਵੀ ਉਨ੍ਹਾਂ ਨੂੰ ਲੱਗਦਾ ਹੈ ਕਿ ਇਹ ਬੰਦਾ ਦੋ ਪੈਸੇ ਦੇ ਸਕਦਾ ਹੈ ਤਾਂ ਉਹ ਢੋਲ ਵਜਾਉਣ ਲੱਗ ਪੈਂਦੇ ਹਨ। ਢੋਲ ਰਵਾਇਤੀ ਵਿੱਚੋਂ ਨਿਕਲ ਕੇ ਇੱਕ ਰੁਜ਼ਗਾਰ ਦਾ ਸਾਧਨ ਵੀ ਬਣ ਗਿਆ ਹੈ। ਇਨ੍ਹਾਂ ਨੂੰ ਬਹੁਤੀ ਵਾਰੀ ਢੋਲ ਦੀਆਂ ਸਾਰੀਆਂ ਤਾਲਾਂ ਬਾਰੇ ਪਤਾ ਨਹੀਂ ਹੁੰਦਾ। ਉਹ ਬਸ ਇੱਕ ਤਾਲ 'ਤੇ ਹੀ ਸ਼ੋਰ ਦੇ ਤੌਰ 'ਤੇ ਇਸ ਨੂੰ ਵਰਤਦੇ ਹਨ, ਜੋ ਕਿ ਢੋਲ ਦੀ ਕਲਾ ਦੀ ਸਰਾਸਰ ਬੇਇੱਜ਼ਤੀ ਹੈ।

# ਭੋਜਨ ਵਿੱਚ ਬੈਕਟੀਰੀਆ ਦੀ ਮੌਜੂਦਗੀ ਦੀ ਜਾਂਚ ਲਈ ਟੈਸਟਿੰਗ ਕਿੱਟ

ਮਨੁੱਖੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅਤੇ ਭੋਜਨ ਦੇ ਰੋਗਾਣੂਆਂ ਦੀ ਜਾਂਚ ਕਰਨ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਪੋਰਟੇਬਲ ਬੈਕਟੀਰਿਓਲੋਜੀਕਲ ਫੂਡ (ਭੋਜਨ) ਟੈਸਟਿੰਗ ਕਿੱਟ (BFTK) ਤਿਆਰ ਕੀਤੀ ਹੈ।

**ਕਿੱਟ ਦੀ ਵਰਤੋਂ ਕਰਨ ਲਈ ਵਿਧੀ :**

1. ਸੀਲਬੰਦ ਬੋਤਲ ਨੂੰ ਖੋਲ੍ਹੋ।
2. ਬੋਤਲ ਵਿੱਚ ਲਗਭਗ ਇੱਕ ਗ੍ਰਾਮ ਸਮਰੂਪ ਭੋਜਨ ਦਾ ਨਮੂਨਾ ਪਾਓ ਅਤੇ ਇਸ ਨੂੰ 4 ਤੋਂ 6 ਘੰਟਿਆਂ ਬਾਅਦ ਹਿਲਾ ਕੇ ਮੀਡੀਅਮ ਦੀ ਸਤ੍ਹਾ 'ਤੇ ਫੈਲਾਓ।
3. ਕਿੱਟ ਨੂੰ ਕਮਰੇ ਦੇ ਤਾਪਮਾਨ 'ਤੇ ਰੱਖੋ ਅਤੇ 24 ਘੰਟਿਆਂ ਦੇ ਅੰਦਰ ਰੰਗ ਬਦਲਣ ਅਤੇ ਰਬੜ ਦੇ ਸਟੌਪਰ ਦੇ ਖੁੱਲ੍ਹਣ ਦੀ ਨਿਗਰਾਨੀ ਕਰੋ।
4. ਵਿਆਖਿਆ ਲਈ ਪ੍ਰਦਾਨ ਕੀਤੇ ਰੰਗ ਚਾਰਟ ਨਾਲ ਨਤੀਜਿਆਂ ਦੀ ਤੁਲਨਾ ਕਰੋ।
5. ਵਰਤੀ ਗਈ ਬੋਤਲ ਨੂੰ ਸੁੱਟਣ ਲਈ, ਕਿੱਟ ਵਿੱਚ ਡੈਟੋਲ ਜਾਂ ਕੀਟਾਣੂਨਾਸ਼ਕ ਦੀਆਂ ਕੁਝ ਬੂੰਦਾਂ ਪਾਓ ਅਤੇ ਇਸਨੂੰ 5 ਮਿੰਟ ਲਈ ਬੈਠਣ ਦਿਓ।

**ਬੈਕਟੀਰੀਓਲੋਜੀਕਲ ਫੂਡ ਟੈਸਟਿੰਗ ਕਿੱਟ ਦੀਆਂ ਵਿਸ਼ੇਸ਼ਤਾਵਾਂ**

ਇਹ ਕਿੱਟ ਇੱਕ ਪੜਾਅ ਵਿੱਚ ਭੋਜਨ ਤੋਂ ਪੈਦਾ ਹੋਣ ਵਾਲੇ ਰੋਗਾਣੂਆਂ ਦੇ ਸੰਸ਼ੋਧਨ ਅਤੇ ਖੋਜ ਨੂੰ ਸਮਰੱਥ ਬਣਾਉਂਦੀ ਹੈ। ਮਾਈਕ੍ਰੋਬਾਇਓਲੋਜੀ ਵਿਭਾਗ ਦੁਆਰਾ ਵਿਕਸਿਤ ਕੀਤੀ ਗਈ ਇਹ ਕਿੱਟ ਰਵਾਇਤੀ ਸੂਖਮ ਜੀਵਾਣੂਆਂ ਅਤੇ ਉੱਭਰ ਰਹੇ ਰੋਗਾਣੂਆਂ ਦੇ ਪ੍ਰਫੁੱਲਣ ਵਿੱਚ ਮੱਦਦ ਕਰਦੀ ਹੈ। ਪੈਲੀਕਲ ਬਣਨਾ, ਗੰਦਗੀ, ਰੰਗ ਪਰਿਵਰਤਨ ਅਤੇ ਗੈਸ ਉਤਪਾਦਨ ਦੇ ਆਧਾਰ 'ਤੇ ਰੋਗਾਣੂਆਂ ਦੀ ਪੁਸ਼ਟੀ ਕੀਤੀ ਜਾਂਦੀ ਹੈ। ਇਹ ਕਿੱਟ ਲਾਗਤ-ਪ੍ਰਭਾਵਸ਼ਾਲੀ ਹੈ। ਟੈਸਟ ਲਈ ਕਿੱਟ ਵਿੱਚ ਸਿਰਫ ਭੋਜਨ ਸ਼ਾਮਲ ਕਰਨ ਦੀ ਲੋੜ ਹੁੰਦੀ ਹੈ, ਜਿਸ ਤੋਂ ਬਾਅਦ ਕਮਰੇ ਦੇ ਤਾਪਮਾਨ 'ਤੇ ਪ੍ਰਫੁੱਲਤ ਹੁੰਦਾ ਹੈ। ਕਿਸੇ ਵਿਸ਼ੇਸ਼ ਉਪਕਰਨ ਦੀ ਲੋੜ ਨਹੀਂ ਹੈ। ਵਰਤੋਂ ਲਈ ਕਿਸੇ ਮੁਹਾਰਤ ਦੀ ਲੋੜ ਨਹੀਂ ਹੈ। ਇਹ ਕਿੱਟ ਹਰੇਕ ਬੈਕਟੀਰੀਆ ਦੇ ਵੱਖਰੇ ਸੰਸ਼ੋਧਨ ਲਈ ਲੋੜੀਂਦੇ ਸਮੇਂ ਨੂੰ ਘਟਾਉਂਦੀ ਹੈ। ਖਾਸ ਰੰਗ ਦੇ ਬਦਲਾਅ ਵੱਖ-ਵੱਖ



ਬੈਕਟੀਰੀਓਲੋਜੀਕਲ ਫੂਡ ਟੈਸਟਿੰਗ ਕਿੱਟ ਅਤੇ ਵਿਆਖਿਆ ਲਈ ਰੰਗ ਚਾਰਟ

ਬੈਕਟੀਰੀਆ ਦੀ ਮੌਜੂਦਗੀ ਨੂੰ ਦਰਸਾਉਂਦੇ ਹਨ। ਇਹ ਖੋਜ ਪੈਲੀਕਲ ਬਣਨਾ ਅਤੇ ਰੰਗ ਦੇ ਬਦਲਾਅ 'ਤੇ ਆਧਾਰਿਤ ਹੈ। ਇਹ ਕਿੱਟ ਸਵੈ-ਵਿਸ਼ਲੇਸ਼ਕ ਕਿੱਟ ਹੈ। ਇੱਕ ਮੱਧਮ ਸਿਖਲਾਈ ਪ੍ਰਾਪਤ ਵਿਅਕਤੀ ਲਗਭਗ 15 ਘੰਟਿਆਂ ਦੇ ਅੰਦਰ ਇਸ ਕਿੱਟ ਦੇ ਨਤੀਜਿਆਂ ਦੀ ਵਿਆਖਿਆ ਕਰ ਸਕਦਾ ਹੈ। ਕਿੱਟ ਦੀ ਵਰਤੋਂ ਸਰੋਤ 'ਤੇ, ਖੇਤ ਆਦਿ ਵਿੱਚ ਕੀਤੀ ਜਾ ਸਕਦੀ ਹੈ। ਇਸ ਕਿੱਟ ਤੋਂ ਬੈਕਟੀਰੀਆ ਦੀ ਐਂਟੀਬਾਇਓਟਿਕ ਸੰਵੇਦਨਸ਼ੀਲਤਾ ਦਾ ਸਿੱਧਾ ਮੁਲਾਂਕਣ ਕੀਤਾ ਜਾ ਸਕਦਾ ਹੈ।

**ਕੇਸ਼ਾਨੀ ਅਤੇ ਗੁਲਾਬ ਪਾਂਡਵ, ਮਾਈਕਰੋਬਾਇਓਲੋਜੀ ਵਿਭਾਗ,**
**ਪੀ. ਏ. ਯੂ., ਲੁਧਿਆਣਾ** (ਮੋ. 89689-34869)

# ਗਰਮੀਆਂ ਵਿੱਚ ਮੁਰਗੀਆਂ ਦਾ ਸੁਚੱਜਾ ਪ੍ਰਬੰਧਨ

ਗਰਮੀਆਂ ਦਾ ਤਣਾਅ ਨਾ ਸਿਰਫ ਮੁਰਗੀਆਂ ਵਿੱਚ ਮਾੜੀ ਕਾਰਗੁਜ਼ਾਰੀ ਲਿਆਉਂਦਾ ਹੈ, ਬਲਕਿ ਘੱਟ ਵਿਕਾਸ ਦਰ, ਘੱਟ ਉਤਪਾਦਨ ਅਤੇ ਉੱਚ ਮੌਤ ਦਰ ਦੇ ਰੂਪ ਵਿੱਚ ਵੱਡੇ ਆਰਥਿਕ ਨੁਕਸਾਨ ਲਈ ਵੀ ਜ਼ਿੰਮੇਵਾਰ ਹੁੰਦਾ ਹੈ। ਮੌਸਮੀ ਪ੍ਰਬੰਧਨ ਲਈ ਪੋਲਟਰੀ ਫਾਰਮ ਦੀ ਬਣਤਰ ਪੂਰਬ ਤੋਂ ਪੱਛਮ ਦਿਸ਼ਾ ਵੱਲ ਰੱਖੋ।

★ ਮੁਰਗੀਆਂ ਦੇ ਸ਼ੈਡ ਨੂੰ ਸਿੱਧੀ ਧੁੱਪ ਅਤੇ ਮੀਂਹ ਤੋਂ ਬਚਾਉਣ ਲਈ 1 ਮੀਟਰ ਦਾ ਉਵਰਹੈਂਗ ਜ਼ਰੂਰ ਦਿਓ।

★ ਛੱਤ ਨੂੰ ਚੂਨੇ ਨਾਲ ਚਿੱਟਾ ਕਰਨ ਨਾਲ ਸ਼ੈਡ ਦੇ ਅੰਦਰ ਤਾਪਮਾਨ ਘਟਾਉਣ ਵਿੱਚ ਮਦਦ ਮਿਲਦੀ ਹੈ।

★ ਛੱਤ ਨੂੰ ਠੰਡਾ ਕਰਨ ਲਈ ਸ਼ੈਡ ਦੇ ਉਪਰ ਸਪ੍ਰਿੰਕਲਰ ਲਗਾਉ।

★ ਛੱਤ ਦੀਆਂ ਕੰਧਾਂ 'ਤੇ ਬਾਰਦਾਨੇ ਦੀ ਵਰਤੋਂ ਕਰੋ, ਜਿਸ ਉੱਤੇ ਤੁਪਕਾ ਪਾਣੀ ਵੀ ਲਗਾਇਆ ਜਾ ਸਕਦਾ ਹੈ।

★ ਸ਼ੈਡ ਨੇੜੇ ਛਾਂ ਵਾਲੇ ਰੁੱਖ ਲਗਾਉ।

★ ਜੰਗਲੀ ਪੰਛੀਆਂ ਨੂੰ ਸ਼ੈਡ ਅੰਦਰ ਦਾਖਲ ਨਾ ਹੋਣ ਦਿਉ।

★ ਸ਼ੈਡ ਹਵਾਦਾਰ ਹੋਣ ਅਤੇ ਉਨ੍ਹਾਂ ਅੰਦਰ ਕੂਲਰ ਪੱਖੇ ਦੀ ਵਰਤੋਂ ਕੀਤੀ ਜਾ ਸਕਦੀ ਹੈ। ਮੁਰਗੀ ਘਰ ਹੋਰ ਇਮਾਰਤਾਂ ਤੋਂ ਦੂਰ ਹੋਣੇ ਚਾਹੀਦੇ ਹਨ।



★ ਠੰਡੇ ਅਤੇ ਤਾਜ਼ੇ ਪਾਣੀ ਦੀ ਨਿਰੰਤਰ ਸਪਲਾਈ ਪ੍ਰਦਾਨ ਕਰੋ। ਗਰਮੀਆਂ ਵਿੱਚ ਪਾਣੀ ਦੀ ਖਪਤ ਫੀਡ ਦੀ ਮਾਤਰਾ ਤੋਂ 3-4 ਗੁਣਾ ਵੱਧ ਜਾਂਦੀ ਹੈ।

★ ਪਾਣੀ ਵਾਲੀਆਂ ਪਾਈਪਾਂ ਨੂੰ ਸਿੱਧੀ ਧੁੱਪ ਦੇ ਸੰਪਰਕ ਵਿੱਚ ਆਉਣ ਤੋਂ ਬਚਾਉ ਅਤੇ ਜੇ ਸੰਭਵ ਹੋਵੇ ਤਾਂ ਢੱਕ ਦਿਉ।

★ ਪ੍ਰਤੀਰੋਧਕ ਸ਼ਕਤੀ ਬਿਹਤਰ ਬਣਾਉਣ ਲਈ ਅਤੇ ਗਰਮੀ ਦਾ ਤਣਾਅ ਦਰ ਕਰਨ ਲਈ ਵਾਧੂ ਵਿਟਾਮਿਨ ਅਤੇ ਖਣਿਜ ਜ਼ਰੂਰੀ ਹਨ। ਪਾਣੀ ਵਿੱਚ ਇਲੈਕਟ੍ਰੋਲਾਈਟਸ ਵੀ ਦਿਉ।

★ ਤਾਪਮਾਨ ਵਿੱਚ ਹਰ ਡਿਗਰੀ ਸੈਲਸੀਅਸ ਵਾਧੇ ਨਾਲ ਫੀਡ ਦੀ ਮਾਤਰਾ 25% ਘੱਟ ਜਾਂਦੀ ਹੈ। ਸੋ ਫੀਡ ਚੰਗੀ ਗੁਣਵੱਤਾ ਵਾਲੀ ਅਤੇ 10-15% ਵਧੇਰੇ ਅਮੀਨੋ ਐਸਿਡ ਵਾਲੀ ਦਿਉ। ਲਾਈਸਿਨ ਅਤੇ ਆਰਜੀਨਿਨ ਅਮੀਨੋ ਐਸਿਡ ਦੀ ਘਾਟ ਰੋਕਣ ਲਈ ਖੁਰਾਕ ਵਿੱਚ ਸੋਇਆ, ਤਿਲ ਕੇਕ ਅਤੇ ਸੂਰਜਮੁਖੀ ਦੀ ਵਰਤੋਂ ਕੀਤੀ ਜਾ ਸਕਦੀ ਹੈ।

★ ਪੰਛੀਆਂ ਵਿੱਚ ਝਗੜਾ ਘਟਾਉਣ ਲਈ ਖਾਣ ਦੇ ਫੀਡਰਾਂ ਅਤੇ ਪੀਣ ਵਾਲੇ ਭਾਂਡਿਆਂ ਦੀ ਗਿਣਤੀ ਵਧਾਉ।

★ ਗਰਮੀਆਂ ਦੌਰਾਨ ਉੱਚ ਊਰਜਾ ਵਾਲੀ ਖੁਰਾਕ ਦਿਉ, ਕਿਉਂਕਿ ਪੰਛੀ ਸਾਹ ਲੈਂਦੇ ਸਮੇਂ ਵਧੇਰੇ ਊਰਜਾ ਗੁਆ ਦਿੰਦੇ ਹਨ।

★ ਖੁਰਾਕ ਵਿੱਚ ਐਂਟੀਆਕਸੀਡੈਂਟ (ਜਿਵੇਂ ਵਿਟਾਮਿਨ ਸੀ ਅਤੇ ਈ) ਤਣਾਅ ਨੂੰ ਘਟਾਉਣ ਅਤੇ ਫੀਡ ਦੀ ਖਪਤ ਨੂੰ ਬਿਹਤਰ ਬਣਾਉਣ ਲਈ ਮਦਦਗਾਰ ਹੁੰਦੇ ਹਨ, ਨਾਲ ਹੀ ਸਰੀਰ ਦੇ ਭਾਰ ਵਿੱਚ ਵਾਧਾ ਬਰਕਰਾਰ ਰਹਿੰਦਾ ਹੈ।

★ ਪ੍ਰੋਬਾਇਓਟਿਕਸ ਦੀ ਵਰਤੋਂ ਨਾਲ ਪਾਚਣ ਪ੍ਰਣਾਲੀ ਦੀ ਸਿਹਤ ਠੀਕ ਰਹਿੰਦੀ ਹੈ।

**ਮਧੂ ਸ਼ੈਲੀ ਅਤੇ ਅਜੈ ਗੋਦਾਰਾ, ਕੇ. ਵੀ. ਕੇ.,**
**ਮਾਨਸਾ** (ਮੋ. 96434-42427)



# ਧਰਤੀ ਦੀ ਤਪਸ਼ ਘਟਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਓ

ਪਿਛਲੇ ਹਫਤੇ ਪੰਜਾਬ ਦਾ ਤਾਪਮਾਨ 47 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਸੀ। ਪੰਜਾਬ ਦਾ ਵਾਤਾਵਰਨ ਗਰਮ ਹੋਣ ਦਾ ਮੁੱਖ ਕਾਰਨ ਸੜਕਾਂ ਦੇ ਆਲੇ-ਦੁਆਲੇ ਦਰੱਖਤਾਂ ਦਾ ਵੱਢੇ ਜਾਣਾ, ਘਰੇਲੂ ਏ. ਸੀ. ਅਤੇ ਏ. ਸੀ. ਗੱਡੀਆਂ ਦੀ ਮਿਕਦਾਰ ਵਿੱਚ ਵਾਧਾ ਹੋਣਾ ਹੈ। ਜੇਕਰ ਵਾਕਿਆ ਹੀ ਅਸੀਂ ਇਸ ਵੱਧ ਰਹੀ ਗਰਮੀ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਾਂ ਅਤੇ ਵਾਤਾਵਰਨ ਨੂੰ ਬਚਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਰੁੱਖ ਲਗਾਉਣ ਦੀ ਅਤਿ ਲੋੜ ਹੈ। ਅਸੀਂ ਵੇਖਦੇ ਹਾਂ ਕਈ ਪ੍ਰੋਗਰਾਮਾਂ ਦੌਰਾਨ ਬੂਟੇ ਲਗਾਏ ਜਾਂਦੇ ਹਨ ਅਤੇ ਉਸ ਸਮੇਂ ਦੀਆਂ ਤਸਵੀਰਾਂ ਅਖਬਾਰਾਂ ਵਿੱਚ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ। ਪਰ ਇਹ ਸਭ ਕੁਝ ਕੇਵਲ ਤਸਵੀਰਾਂ ਤੱਕ ਹੀ ਸੀਮਤ ਰਹਿ ਜਾਂਦਾ ਹੈ। ਕਿਸੇ ਵੀ ਬੂਟੇ ਦੇ ਵਾਧੇ ਵਿੱਚ ਉਸ ਦਾ ਸਹੀ ਸਮੇਂ 'ਤੇ ਲਗਾਉਣਾ ਅਤੇ ਬਾਅਦ ਵਿੱਚ ਬੂਟੇ ਦੀ ਸਹੀ ਦੇਖਭਾਲ



ਭਗਵਾਨ ਦਾਸ

ਅਹਿਮ ਭੂਮਿਕਾ ਨਿਭਾਉਂਦੀ ਹੈ।

ਕਈ ਵਿਅਕਤੀ ਮਈ-ਜੂਨ ਮਹੀਨੇ ਵਿੱਚ ਬੂਟੇ ਲਗਾਉਂਦੇ ਹਨ, ਪਰ ਇਸ ਸਮੇਂ ਬੂਟੇ ਨਹੀਂ ਲਗਾਉਣੇ ਚਾਹੀਦੇ। ਇਨ੍ਹਾਂ ਮਹੀਨਿਆਂ ਵਿੱਚ ਪਹਿਲਾਂ ਤੋਂ ਲੱਗੇ ਬੂਟੇ ਗਰਮੀ ਨਾਲ ਮਰ ਰਹੇ ਹੁੰਦੇ ਹਨ, ਕਿਉਂਕਿ ਇਨ੍ਹਾਂ ਦਿਨਾਂ ਵਿੱਚ ਜ਼ਮੀਨ ਅਤੇ ਬੂਟਿਆਂ ਤੋਂ ਪਾਣੀ ਦਾ ਵਾਸ਼ਪੀਕਰਨ ਬਹੁਤ ਜ਼ਿਆਦਾ ਹੁੰਦਾ ਹੈ। ਇਸ ਸਮੇਂ ਨਵੇਂ ਲਗਾਏ ਬੂਟਿਆਂ ਦੀਆਂ ਜੜ੍ਹਾਂ ਵਧ-ਫੁੱਲ ਨਹੀਂ ਸਕਦੀਆਂ, ਜਿਨ੍ਹਾਂ ਨੇ ਪਾਣੀ ਜਜ਼ਬ ਕਰਨਾ ਹੁੰਦਾ ਹੈ। ਨਤੀਜੇ ਵਜੋਂ ਬੂਟੇ ਜਲਦੀ ਸੁੱਕ ਜਾਂਦੇ ਹਨ। ਬੂਟੇ ਲਗਾਉਣ ਦਾ ਢੁੱਕਵਾਂ ਸਮਾਂ 15 ਜੁਲਾਈ ਤੋਂ 15 ਸਤੰਬਰ ਤੱਕ ਦਾ ਹੁੰਦਾ ਹੈ। ਉਸ ਸਮੇਂ ਮੌਨਸੂਨ ਹਵਾਵਾਂ ਰਾਹੀਂ ਮੀਂਹ ਪੈਂਦਾ ਰਹਿੰਦਾ ਹੈ। ਬਰਸਾਤਾਂ ਦੇ ਮੌਸਮ ਵਿੱਚ ਬੂਟੇ ਦਾ ਵਿਸਥਾਰ ਜਲਦੀ ਹੁੰਦਾ ਹੈ। ਬੂਟੇ ਲਗਾਉਂਦੇ ਸਮੇਂ ਬੂਟੇ ਤੋਂ ਬੂਟੇ ਵਿਚਕਾਰ ਦੀ ਦੂਰੀ ਦਾ ਵੀ ਧਿਆਨ ਰੱਖਣਾ ਜ਼ਰੂਰੀ ਹੈ। ਜੇਕਰ ਬੂਟੇ ਦਾ ਵਿਸਥਾਰ ਘੱਟ ਹੋਣਾ ਹੈ ਤਾਂ 10 ਤੋਂ 15 ਫੁੱਟ ਦੇ ਫਾਸਲੇ 'ਤੇ ਲਗਾਉਣੇ ਚਾਹੀਦੇ ਹਨ ਅਤੇ ਜੇਕਰ ਬੂਟੇ ਦਾ ਵਿਸਥਾਰ ਜ਼ਿਆਦਾ ਹੋਣਾ ਹੋਵੇ ਤਾਂ 25 ਤੋਂ 30 ਫੁੱਟ ਦੇ ਫ਼ਾਸਲੇ 'ਤੇ ਲਗਾਉਣੇ ਚਾਹੀਦੇ ਹਨ। ਬੂਟੇ ਦੇ ਸਹੀ ਵਾਧੇ ਲਈ ਬੂਟਾ ਲਗਾਉਣ ਤੋਂ 10-15 ਦਿਨ ਪਹਿਲਾਂ 1.5 ਫੁੱਟ ਤੋਂ 2 ਫੁੱਟ ਦਾ ਡੂੰਘਾ ਟੋਇਆ ਪੁੱਟ ਲੈਣਾ ਚਾਹੀਦਾ ਹੈ। ਫਿਰ ਉਸ ਵਿੱਚ ਅੱਧੀ ਉਪਰਲੀ ਮਿੱਟੀ ਅਤੇ ਅੱਧੀ ਗਲੀ-ਸੜੀ ਰੂੜੀ ਦੀ ਖਾਦ ਮਿਲਾ ਕੇ ਪਾਉਣੀ ਚਾਹੀਦੀ ਹੈ। ਜੇਕਰ ਹੋ ਸਕੇ ਤਾਂ ਬੂਟੇ ਲਾਉਣ ਤੋਂ ਪਹਿਲਾਂ ਟੋਇਆਂ ਨੂੰ ਪਾਣੀ ਦੇ ਦੇਣਾ ਚਾਹੀਦਾ ਹੈ। ਇਸ ਨਾਲ ਰੂੜੀ ਦੀ ਗਰਮਾਇਸ਼ ਖਤਮ ਹੋ ਜਾਵੇਗੀ ਅਤੇ ਟੋਇਆਂ ਦੀ ਮਿੱਟੀ ਹੇਠਾਂ ਬੈਠ ਜਾਵੇਗੀ। ਇਹ ਕੰਮ ਜੁਲਾਈ ਦੇ ਪਹਿਲੇ ਪੰਦਰਵਾੜੇ ਦੌਰਾਨ ਕਰ ਲੈਣਾ ਚਾਹੀਦਾ ਹੈ ਤਾਂ ਜੋ ਦੂਜੇ ਪੰਦਰਵਾੜੇ ਦੌਰਾਨ ਬੂਟੇ ਢੁੱਕਵੇਂ ਸਮੇਂ 'ਤੇ ਲਗਾਏ ਜਾ ਸਕਣ। ਫਿਰ ਬੂਟੇ ਲਗਾਉਣ ਉਪਰੰਤ 20 ਮਿ. ਲੀ. ਕਲੋਰੋਪਾਈਰੀਫਾਸ 20 ਈ. ਸੀ. ਦਵਾਈ 10 ਲੀਟਰ ਪਾਣੀ ਵਿੱਚ ਘੋਲ ਕੇ ਸਿਉਂਕ ਤੋਂ ਬਚਾਅ ਲਈ ਪਾ ਦੇਣੀ ਚਾਹੀਦੀ ਹੈ। ਜੇਕਰ ਬੂਟਾ ਟੇਢਾ ਹੋਵੇ ਤਾਂ ਉਸ ਨੂੰ ਸੋਟੀ ਦਾ ਸਹਾਰਾ ਲਾ ਦੇਣਾ ਚਾਹੀਦਾ ਹੈ। ਜੇਕਰ ਬੂਟੇ ਸੜਕਾਂ ਦੇ ਆਲੇ-ਦੁਆਲੇ ਜਾਂ ਕਾਲੋਨੀਆਂ ਵਿੱਚ ਲਗਾਉਣੇ ਹਨ ਤਾਂ ਡੰਗਰਾਂ ਤੋਂ ਬਚਾਅ ਲਈ ਇਨ੍ਹਾਂ ਦੁਆਲੇ 'ਟ੍ਰੀ ਗਾਰਡ' ਜ਼ਰੂਰ ਲਗਾਉਣੇ ਚਾਹੀਦੇ ਹਨ। ਬੂਟੇ ਦੀ ਸੁਚੱਜੀ ਦੇਖਭਾਲ ਲਈ ਨਵੇਂ ਲਗਾਏ ਬੂਟਿਆਂ ਨੂੰ ਹਫਤੇ ਵਿੱਚ ਦੋ ਵਾਰ ਪਾਣੀ ਜ਼ਰੂਰ ਲਗਾਉਣਾ ਚਾਹੀਦਾ ਹੈ। ਵੇਲਾਂ ਅਤੇ ਨਦੀਨਾਂ ਤੋਂ ਬਚਾਅ ਲਈ ਘੱਟੋ-ਘੱਟ ਹਰ ਮਹੀਨੇ ਬੂਟਿਆਂ ਦੀ ਗੋਡੀ ਕਰਦੇ ਰਹਿਣਾ ਚਾਹੀਦਾ ਹੈ। ਤਕਰੀਬਨ 6 ਮਹੀਨੇ ਬਾਅਦ ਬੂਟਿਆਂ ਨੂੰ ਦੁਬਾਰਾ ਸਿਉਂਕ ਤੋਂ ਬਚਾਉਣ ਲਈ ਦਵਾਈ ਪਾ ਦੇਣੀ ਚਾਹੀਦੀ ਹੈ।

ਅੱਜ ਰਵਾਇਤੀ ਦਰੱਖਤ ਖਤਮ ਹੋ ਰਹੇ ਹਨ ਅਤੇ ਉਨ੍ਹਾਂ ਦੀ ਥਾਂ ਸਜਾਵਟੀ ਬੂਟਿਆਂ ਨੇ ਲੈ ਲਈ ਹੈ। ਸਾਬਕਾ ਡਿਪਟੀ ਡਾਇਰੈਕਟਰ ਬਾਗਬਾਨੀ ਡਾ. ਸਵਰਨ ਸਿੰਘ ਮਾਨ (ਸੇਵਾਮੁਕਤ) ਕਹਿੰਦੇ ਹਨ ਕਿ ਜੇਕਰ ਸਾਂਝੀ ਖੁੱਲ੍ਹੀ ਥਾਂ ਉਪਲੱਬਧ ਹੈ ਤਾਂ ਉੱਥੇ ਸਜਾਵਟੀ ਬੂਟਿਆਂ ਦੀ ਥਾਂ ਰਵਾਇਤੀ ਬੂਟਿਆਂ ਨੂੰ ਪਹਿਲ ਦੇਣੀ ਚਾਹੀਦੀ ਹੈ। ਅਜਿਹੀ ਥਾਂਵਾਂ 'ਤੇ ਪਿੱਪਲ ਅਤੇ ਨਿੰਮ ਦੇ ਬੂਟੇ ਲਗਾਉਣੇ ਚਾਹੀਦੇ ਹਨ। ਇਹ ਬੂਟੇ ਦਿਨ-ਰਾਤ ਵਾਤਾਵਰਨ ਨੂੰ ਆਕਸੀਜਨ ਦਿੰਦੇ ਹਨ। ਇਨ੍ਹਾਂ ਰਵਾਇਤੀ ਬੂਟਿਆਂ ਨੂੰ ਦੁਬਾਰਾ ਲਗਾਉਣ ਲਈ ਪਹਿਲ ਕਰਨੀ ਚਾਹੀਦੀ ਹੈ ਤਾਂ ਜੋ ਵਾਤਾਵਰਨ ਦੀ ਵਿਗੜਦੀ ਹਾਲਤ ਸੁਧਾਰੀ ਜਾ ਸਕੇ। ਪਿੱਪਲ ਤੇ ਨਿੰਮ ਤੋਂ ਇਲਾਵਾ ਹੋਰ ਰਵਾਇਤੀ ਦਰੱਖਤਾਂ ਜਿਵੇਂ ਪਿਲਕਣ, ਗੂਲਰ, ਬੋਹੜ, ਬਹੇੜਾ, ਮਹੂਆ, ਕਿੱਕਰ ਦੇਸੀ, ਸ਼ਰੀਂਹ, ਢੱਕ, ਜੰਡ, ਇਮਲੀ, ਟਾਹਲੀ, ਖੈਰ, ਰੇਰੂ, ਫਾਲਸਾ, ਫਲਾਹੀ, ਸ਼ਹਿਤੂਤ, ਮੌਲਸਰੀ, ਕਟਹਲ, ਸਿੰਬਲ, ਕਰੌਂਦਾ, ਕਚਨਾਰ, ਪੁਤਰਨ ਜੀਵਾ, ਬਿਲ, ਸੀਤਾ, ਅਸ਼ੋਕ, ਲਸੂੜਾ, ਹਰੜ, ਢੇਊ, ਸੰਭਾਲੂ, ਬਾਂਸ, ਅੰਜੀਰ, ਮਲੇ ਬੇਰ, ਵਣ, ਰਹੂੜਾ, ਕਰੀਰ, ਖਿਰਨੀ, ਤੇਂਦੂ, ਜਾਮਣ, ਦੇਸੀ ਅੰਬ ਅਤੇ ਚਮਰੋੜ ਆਦਿ ਵਿਚੋਂ ਵੀ ਚੋਣ ਕੀਤੀ ਜਾ ਸਕਦੀ ਹੈ।

ਘਰਾਂ ਜਾਂ ਹੋਟਲਾਂ ਦੇ ਆਲੇ-ਦੁਆਲੇ ਖੁਸ਼ਬੂਦਾਰ ਝਾੜੀ ਜਾਂ ਦਰੱਖਤ ਵੀ ਲਗਾਏ ਜਾ ਸਕਦੇ ਹਨ। ਖੁਸ਼ਬੂਦਾਰ ਝਾੜੀਆਂ ਜਿਵੇਂ ਹਾਰ-ਸਿੰਗਾਰ, ਰਾਤ ਦੀ ਰਾਣੀ, ਦਿਨ ਦਾ ਰਾਜਾ, ਮੋਤੀਆ, ਗਾਰਡੀਨੀਆ, ਚਿਲਟਾ, ਮਰਈਆ ਆਦਿ ਅਤੇ ਖੁਸ਼ਬੂਦਾਰ ਦਰੱਖਤਾਂ ਜਿਵੇਂ ਕਨਕ ਚੰਪਾ, ਪਰੀ ਚੰਪਾ ਅਤੇ ਬੜਾ ਚੰਪਾ ਆਦਿ ਲਗਾਏ ਜਾ ਸਕਦੇ ਹਨ।

ਜੇਕਰ ਫੁੱਲਾਂ ਵਾਲੇ ਦਰੱਖਤ ਲਗਾਉਣਾ ਚਾਹੁੰਦੇ ਹੋ ਤਾਂ ਗੁਲਾਚੀਨ, ਬੋਤਲ ਬਰੱਸ਼, ਕੇਸੀਆ ਜਾਵਾਨੀਕ, ਪਿੰਕ ਕੇਸੀਆ, ਮੈਕਸੀਕਨ ਸਿਲਕ ਕਾਟਨ ਟ੍ਰੀ, ਗੁਲਮੋਹਰ, ਅਰਾਈਬਰੀਨ, ਨੀਲੀ ਗੁਲਮੋਹਰ ਆਦਿ ਲਗਾ ਸਕਦੇ ਹੋ। ਜੇਕਰ ਫੁੱਲਾਂ ਵਾਲੀਆਂ ਝਾੜੀਆਂ ਲਗਾਉਣਾ ਚਾਹੁੰਦੇ ਹੋ ਤਾਂ ਕਲੀਐਂਡਰਾ, ਯੂਫੋਰਬੀਆ, ਹਮੇਲੀਆ, ਜੈਟਰੋਫਾ, ਲਿਨਾਟਾਨਾ, ਰੁਸੈਲੀਆ, ਕੇਸੀਆ ਗਲੂਕਾ, ਸਿੰਗਲ ਚਾਂਦਨੀ, ਡਬਲ ਚਾਂਦਨੀ, ਡਵਾਰਫ ਚਾਂਦਨੀ, ਵੈਰੀਗੇਟਿਡ ਚਾਂਦਨੀ, ਟੀਕੋਮਾ ਸਪੇਨ, ਪੀਲੀ ਕਨੇਰ, ਡਥੋਆ, ਰੁਕਮੰਜਨੀ, ਮੁਸੰਡਾ, ਪੋਆਇਨਸਿਟੀਆ, ਗੁਲਮੋਹਰੀ ਮਰੇਨੀਆ, ਹਾਰ ਸ਼ਿੰਗਾਰ, ਮਰਈਆ ਆਦਿ ਲਗਾ ਸਕਦੇ ਹੋ।

ਉਕਤ ਬੂਟੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਬਾਗਬਾਨੀ ਵਿਭਾਗ, ਪੰਜਾਬ ਜੰਗਲਾਤ ਵਿਭਾਗ ਦੀਆਂ ਨਰਸਰੀਆਂ ਤੋਂ ਬਹੁਤ ਹੀ ਵਾਜਬ ਕੀਮਤਾਂ 'ਤੇ ਪ੍ਰਾਪਤ ਕੀਤੇ ਜਾ ਸਕਦੇ ਹਨ। ਇਸ ਤੋਂ ਇਲਾਵਾ ਕਈ ਪ੍ਰਾਈਵੇਟ ਸੰਸਥਾਵਾਂ ਵੀ ਮੁਫ਼ਤ ਬੂਟੇ ਸਪਲਾਈ ਕਰਦੀਆਂ ਹਨ, ਜਿਸ ਵਿੱਚ 'ਰਾਊਂਡ ਗਲਾਸ ਫਾਊਂਡੇਸ਼ਨ, ਪਟਿਆਲਾ' ਅਤੇ 'ਈਕੋ ਸਿੱਖ ਸੰਸਥਾ' ਆਦਿ ਸ਼ਾਮਿਲ ਹਨ।

ਜੇਕਰ ਪੰਜਾਬ ਸਰਕਾਰ ਇਹ ਜ਼ਰੂਰੀ ਕਰ ਦੇਵੇ ਕਿ ਸ਼ਹਿਰਾਂ ਵਿੱਚ ਘਰ ਦਾ ਨਕਸ਼ਾ ਪਾਸ ਕਰਨ ਸਮੇਂ ਕੋਈ ਇੱਕ ਬੂਟਾ ਘਰ ਵਿੱਚ ਲਗਾਇਆ ਜਾਵੇ ਅਤੇ ਇਸੇ ਤਰ੍ਹਾਂ ਪਿੰਡਾਂ ਦੇ ਟਿਊਬਵੈਲਾਂ 'ਤੇ ਘੱਟੋ-ਘੱਟ 4 ਤੋਂ 5 ਦਰੱਖਤ ਲਗਾਏ ਜਾਣ। ਇਸ ਤਰ੍ਹਾਂ ਪੰਜਾਬ ਦੇ ਵਾਤਾਵਰਨ ਨੂੰ ਹਰਾ-ਭਰਾ ਕਰਨ ਵਿੱਚ ਬਹੁਤ ਮਦਦ ਮਿਲੇਗੀ। ਪੰਜਾਬ ਸਰਕਾਰ ਨੂੰ ਸਾਂਝੀਆਂ ਥਾਂਵਾਂ ਜਾਂ ਸ਼ਾਮਲਾਟ ਜ਼ਮੀਨਾਂ ਅਤੇ ਸੜਕਾਂ, ਨਹਿਰਾਂ, ਰੇਲਵੇ ਲਾਈਨਾਂ ਦੇ ਆਲੇ-ਦੁਆਲੇ ਬੂਟੇ ਲਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਉਕਤ ਬੂਟਿਆਂ ਦੀ ਦੇਖਭਾਲ ਲਈ ਮਨੇਰਗਾ ਵਰਕਰਾਂ ਤੋਂ ਕੰਮ ਲਿਆ ਜਾ ਸਕਦਾ ਹੈ। ਬਰਸਾਤ ਦੇ ਦਿਨਾਂ ਵਿੱਚ ਬੂਟੇ ਲਗਾਉਣ ਵਾਲੀ ਜਗ੍ਹਾ 'ਤੇ ਟੋਏ ਪੁੱਟ ਕੇ ਸਿੱਧੇ ਤੌਰ 'ਤੇ ਅੰਬਾਂ ਦੀਆਂ ਗੁਠਲੀਆਂ, ਜਾਮਣਾਂ ਅਤੇ ਲੀਚੀ ਦੀਆਂ ਗਿਟਕਾਂ, ਕਟਹਲ, ਬਿੱਲ, ਲੁਕਾਠ ਅਤੇ ਫਾਲਸੇ ਦਾ ਬੀਜ ਆਦਿ ਬੀਜਿਆ ਜਾ ਸਕਦਾ ਹੈ। ਹਰੇਕ ਟੋਏ ਵਿੱਚ 2 ਤੋਂ 3 ਬੀਜ ਬੀਜਣੇ ਚਾਹੀਦੇ ਹਨ। ਟੋਏ ਦੀ ਮਿੱਟੀ ਦਾ ਪੱਧਰ ਜ਼ਮੀਨ ਦੇ ਪੱਧਰ ਨਾਲੋਂ 3-4 ਇੰਚ ਨੀਵਾਂ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਕੋਈ ਖ਼ਾਸ ਖਰਚਾ ਨਹੀਂ ਹੋਵੇਗਾ। ਇਸ ਨਾਲ ਵਾਤਾਵਰਨ ਸੁਧਾਰ ਦੇ ਉਦੇਸ਼ ਵਿੱਚ 50-60 ਫੀਸਦੀ ਕਾਮਯਾਬੀ ਮਿਲ ਸਕਦੀ ਹੈ।

ਵਧੇਰੇ ਜਾਣਕਾਰੀ ਲਈ ਬਾਗਬਾਨੀ ਵਿਭਾਗ ਪੰਜਾਬ, ਪੀ. ਏ. ਯੂ. ਲੁਧਿਆਣਾ, ਜ਼ਿਲ੍ਹੇ ਦੇ ਕੇ. ਵੀ. ਕੇ. ਜਾਂ ਪੰਜਾਬ ਜੰਗਲਾਤ ਵਿਭਾਗ ਦੇ ਮਾਹਿਰਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ, ਤਾਂ ਜੋ ਨਾ ਸਿਰਫ ਬੂਟੇ ਲਗਾਏ ਜਾਣ, ਸਗੋਂ ਉਨ੍ਹਾਂ ਦੀ ਸੰਭਾਲ ਵੀ ਕੀਤੀ ਜਾ ਸਕੇ, ਕਿਉਂਕਿ ਬੂਟੇ ਲਗਾਉਣ ਨਾਲੋਂ ਜ਼ਿਆਦਾ ਬੂਟਿਆਂ ਦੀ ਸੰਭਾਲ ਕਰਨੀ ਅਤਿ ਜ਼ਰੂਰੀ ਹੈ।

# ਅਮਰੂਦਾਂ ਵਿੱਚ ਵਾਤਾਵਰਨ ਪੱਖੀ ਫਰੂਟ ਫਲਾਈ ਟਰੈਪ ਅਪਨਾਓ

ਫਲ ਦੀਆਂ ਮੱਖੀਆਂ ਫਲਾਂ ਦੀ ਵਧੇਰੇ ਪੈਦਾਵਾਰ ਅਤੇ ਗੁਣਵੱਤਾ ਨੂੰ ਨੁਕਸਾਨ ਪਹੁੰਚਾ ਕੇ ਬਾਗਬਾਨ ਲਈ ਉਲਝਣ ਪੈਦਾ ਕਰਦੀਆਂ ਹਨ। ਇਹ ਮੱਖੀਆਂ ਪੰਜਾਬ ਵਿੱਚ ਅਮਰੂਦ ਦੀ ਬਰਸਾਤ ਰੁੱਤ ਵਾਲੇ ਫਲਾਂ ਦਾ ਤਕਰੀਬਨ 100 ਫੀਸਦੀ ਤੱਕ ਨੁਕਸਾਨ ਕਰਦੀਆਂ ਹਨ। ਸਭ ਤੋਂ ਵਧੇਰੇ ਨੁਕਸਾਨ ਅਮਰੂਦ ਦੇ ਬਰਸਾਤ ਰੁੱਤ ਵਾਲੇ ਫਲਾਂ ਦਾ ਹੁੰਦਾ ਹੈ। ਇਨ੍ਹਾਂ ਮੱਖੀਆਂ ਦੀ ਰੋਕਥਾਮ ਕਰਨੀ ਬਹੁਤ ਔਖੀ, ਕਿਉਂਕਿ ਇਹ ਬਹੁਤ ਸਾਰੇ ਫਲਾਂ ਅਤੇ ਸਬਜ਼ੀਆਂ 'ਤੇ ਪਲਦੀਆਂ ਹਨ। ਇੱਕ ਸਾਲ ਵਿੱਚ ਇਨ੍ਹਾਂ ਦੀਆਂ ਕਈ ਪੁਸ਼ਤਾਂ ਪੈਦਾ ਹੋ ਜਾਂਦੀਆਂ ਹਨ। ਇਨ੍ਹਾਂ ਦੀ ਰੋਕਥਾਮ ਲਈ ਕੀਟਨਾਸ਼ਕਾਂ ਦੇ ਕਈ ਛਿੜਕਾਅ ਕਰਨ ਦੇ ਬਾਵਜੂਦ ਵੀ ਵਧੀਆ ਰੋਕਥਾਮ ਨਹੀਂ ਹੁੰਦੀ, ਬਲਕਿ ਪੌਣ-ਪਾਣੀ ਅਤੇ ਵਾਤਾਵਰਣ ਵੀ ਪ੍ਰਦੂਸ਼ਿਤ ਹੁੰਦਾ ਹੈ। ਇਸ ਸਮੱਸਿਆ ਦੇ ਹੱਲ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ. ਏ. ਯੂ.) ਵੱਲੋਂ ਤਿਆਰ ਫਰੂਟ ਫਲਾਈ ਟਰੈਪ ਤਿਆਰ ਕੀਤੇ ਗਏ ਹਨ, ਜਿਨ੍ਹਾਂ ਦੀ ਵਰਤੋਂ ਕਰਨ ਨਾਲ ਫਲ ਦੀਆਂ ਮੱਖੀਆਂ ਦੀ ਰੋਕਥਾਮ ਬੜੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ।

**ਪੀ. ਏ. ਯੂ. ਫਰੂਟ ਫਲਾਈ ਟਰੈਪ ਦੀ ਵਰਤੋਂ** : ਅਮਰੂਦਾਂ ਦੇ ਬਾਗਾਂ ਵਿੱਚ ਟਰੈਪਾਂ ਨੂੰ ਟੰਗਣ ਦਾ ਸਹੀ ਸਮਾਂ ਜੁਲਾਈ ਦਾ ਪਹਿਲਾ ਹਫ਼ਤਾ ਹੈ।

16 ਟਰੈਪ ਪ੍ਰਤੀ ਏਕੜ ਦੇ ਹਿਸਾਬ ਨਾਲ ਲਗਾਏ ਜਾ ਸਕਦੇ ਹਨ ਅਤੇ ਲੋੜ ਪੈਣ 'ਤੇ ਟਰੈਪ ਦੁਬਾਰਾ ਲਗਾਓ।



ਫਲਾਂ ਦੀ ਪੂਰੀ ਤੁੜਾਈ ਤੱਕ ਟਰੈਪਾਂ ਨੂੰ ਬਾਗਾਂ ਵਿੱਚ ਹੀ ਟੰਗੋ ਅਤੇ ਇਨ੍ਹਾਂ ਟਰੈਪਾਂ ਨੂੰ ਬੂਟਿਆਂ ਦੀ ਉਚਾਈ ਦੇ ਹਿਸਾਬ ਨਾਲ ਜ਼ਮੀਨ ਤੋਂ ਤਕਰੀਬਨ 1-1.5 ਮੀਟਰ ਉੱਚੇ ਲੋਹੇ ਦੀ ਤਾਰ ਜਾਂ ਮਜ਼ਬੂਤ ਧਾਗੇ ਦੀ ਮਦਦ ਨਾਲ ਟੰਗੋ।

ਜੇਕਰ ਫਲਾਂ 'ਤੇ ਮੱਖੀ ਦਾ ਤਾਜ਼ਾ ਹਮਲਾ ਬਾਗ ਵਿੱਚ ਟਰੈਪ ਲਾਉਣ ਤੋਂ ਬਾਅਦ ਜ਼ਿਆਦਾ ਹੋਵੇ ਤਾਂ ਟਰੈਪ ਵਿੱਚ ਖੁਸ਼ਬੂ ਦੀ ਨਵੀਂ ਟਿੱਕੀ ਜ਼ਰੂਰ ਲਗਾਓ।

**ਪੀ. ਏ. ਯੂ. ਫਰੂਟ ਫਲਾਈ ਟਰੈਪ ਦੀ ਮਹੱਤਤਾ** : ਬਾਗਾਂ ਵਿੱਚ ਇਸ ਦੀ ਵਰਤੋਂ ਇੱਕ ਵਾਤਾਵਰਨ-ਸਹਾਈ ਤਕਨੀਕ ਹੈ ਅਤੇ ਕੀਟਨਾਸ਼ਕਾਂ 'ਤੇ ਆਉਂਦੇ ਖਰਚ ਦੇ ਮੁਕਾਬਲੇ ਇਹ ਸਸਤਾ ਤਰੀਕਾ ਹੈ। ਕੀਟਨਾਸ਼ਕਾਂ ਦੇ ਮੁਕਾਬਲੇ ਟਰੈਪ ਦੀ ਵਰਤੋਂ ਨਾਲ ਬਾਗਾਂ ਵਿੱਚ ਲੰਬੇ ਸਮੇਂ ਤੱਕ ਮੱਖੀਆਂ ਦੀ ਰੋਕਥਾਮ ਹੁੰਦੀ ਹੈ। ਇਸ ਤਕਨੀਕ ਰਾਹੀਂ ਪਾਣੀ ਦੀ ਬੇਲੋੜੀ ਵਰਤੋਂ ਜੋ ਕਿ ਕੀਟਨਾਸ਼ਕਾਂ ਦੇ ਛਿੜਕਾਅ ਲਈ ਕੀਤੀ ਜਾਂਦੀ ਹੈ, ਬਹੁਤ ਘੱਟ ਜਾਂਦੀ ਹੈ। ਫਲਾਂ ਦੀ ਗੁਣਵੱਤਾ ਅਤੇ ਝਾੜ ਵੱਧਦੇ ਹਨ, ਜਿਸ ਦਾ ਸਿੱਧਾ ਪ੍ਰਭਾਵ ਮੰਡੀਕਰਨ ਯੋਗ ਫਲ 'ਤੇ ਪੈਂਦਾ ਹੈ। ਟਰੈਪਾਂ ਦੀ ਵਰਤੋਂ ਨਾਲ ਮਿੱਤਰ ਕੀੜਿਆਂ 'ਤੇ ਕੋਈ ਵੀ ਮਾੜਾ ਅਸਰ ਨਹੀਂ ਪੈਂਦਾ।

ਮੱਖੀਆਂ ਦੇ ਸੰਯੁਕਤ ਕੀਟ ਪ੍ਰਬੰਧ ਵਿੱਚ ਟਰੈਪਾਂ ਦੀ ਵਰਤੋਂ ਪੂਰੀ ਤਰ੍ਹਾਂ ਸਹਾਈ ਹੁੰਦੀ ਹੈ ਅਤੇ ਟਰੈਪ ਬਰਸਾਤਾਂ ਵਿੱਚ ਵੀ ਕਾਮਯਾਬ ਹੁੰਦੇ ਹਨ।

ਟਰੈਪਾਂ ਨੂੰ ਫਲਾਂ ਦੀ ਤੁੜਾਈ ਖਤਮ ਹੋਣ ਤੋਂ ਬਾਅਦ ਵੱਖ-ਵੱਖ ਫਲਾਂ ਦੇ ਬਾਗਾਂ ਵਿੱਚ ਵਰਤਿਆ ਜਾ ਸਕਦਾ ਹੈ, ਪਰ ਲੋੜ ਪੈਣ 'ਤੇ ਖੁਸ਼ਬੂ ਦੀ ਟਿੱਕੀ ਬਦਲੋ।

ਨਰ ਮੱਖੀਆਂ ਲਗਭਗ 6000 ਦੇ ਕਰੀਬ ਇਸ ਤਕਨੀਕ ਦੀ ਵਰਤੋਂ ਨਾਲ ਥੋੜ੍ਹੇ ਸਮੇਂ ਵਿੱਚ ਹੀ ਟਰੈਪ ਵਿੱਚ ਫਸ ਕੇ ਮਰ ਜਾਂਦੀਆਂ ਹਨ, ਜਿਸ ਕਰਕੇ ਨਰ ਅਤੇ ਮਾਦਾ ਮੱਖੀਆਂ ਦੇ ਸੰਭੋਗ ਦੀ ਸੰਭਾਵਨਾ ਕਾਫ਼ੀ ਘੱਟ ਜਾਂਦੀ ਹੈ ਅਤੇ ਨਵੀਆਂ ਮੱਖੀਆਂ ਦੀ ਪੈਦਾਵਾਰ ਬਹੁਤ ਘੱਟ ਜਾਂਦੀ ਹੈ।

ਇਹ ਟਰੈਪ ਪੀ. ਏ. ਯੂ. ਲੁਧਿਆਣਾ ਦੇ ਫਲ ਵਿਗਿਆਨ ਦੀ ਕੀਟ ਵਿਗਿਆਨ ਪ੍ਰਯੋਗਸ਼ਾਲਾ ਵਿੱਚ ਉਪਲੱਬਧ ਹਨ।

**ਸਵਰੀਤ ਖਹਿਰਾ, ਪਰਮਿੰਦਰ ਕੌਰ ਅਤੇ ਪਰਵਿੰਦਰ ਸਿੰਘ, ਪੀ. ਏ. ਯੂ. ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ**

# ਕਿਸਾਨ ਕਿਵੇਂ ਵਧਾਉਣ ਆਮਦਨ

**ਤੁਸੀਂ ਖੁੰਬਾਂ ਦੀ ਕਾਸ਼ਤ ਘਰ ਜਾਂ ਪਿੰਡ ਦੇ ਨੇੜੇ ਹੀ ਕਰ ਸਕਦੇ ਹੋ। ਤੁਹਾਨੂੰ ਆਪਣੇ ਪਰਿਵਾਰ ਤੋਂ ਵੀ ਸਹਿਯੋਗ ਮਿਲ ਸਕਦਾ ਹੈ ਅਤੇ ਚੰਗੀ ਕਮਾਈ ਘਰ ਆ ਸਕਦੀ ਹੈ...**

ਬ੍ਰਿਜ ਭਾਨ ਬੁਜਰਕ
ਮੋ. 98761-01698

ਪੰਜਾਬ ਦੇ ਕਿਸਾਨ ਕੋਲ ਹਾੜ੍ਹੀ-ਸਾਉਣੀ ਦੀ ਫ਼ਸਲ ਬੀਜਣ ਤੋਂ ਬਾਅਦ ਕਈ ਮਹੀਨੇ ਦਾ ਸਮਾਂ ਵਿਹਲੇ ਗੁਜ਼ਾਰਨ ਵਾਂਗ ਹੀ ਹੁੰਦਾ ਹੈ। ਕਦੇ ਉਹ ਵੇਲੇ ਵੀ ਸਨ, ਜਦੋਂ ਕਿਸਾਨ ਦੇ ਖੇਤਾਂ ਵਿੱਚ ਬਾਰਾਂ



ਮਹੀਨੇ ਤੀਹ ਦਿਨ ਕੰਮ ਨਹੀਂ ਸੀ ਮੁੱਕਦਾ, ਕਿਉਂਕਿ ਖੇਤੀ ਦਾ ਸਾਰਾ ਕੰਮ/ਧੰਦਾ ਹੱਥੀਂ ਕਰਨਾ ਪੈਂਦਾ ਸੀ। ਫ਼ਸਲਾਂ ਦੀ ਗੋਡ-ਗੁਡਾਈ ਤੋਂ ਲੈ ਕੇ ਪਾਣੀ ਦੇਣ ਅਤੇ ਗਹਾਈ ਕਰਨ ਤੱਕ ਇੱਕ ਪਲ ਵੀ ਖਾਲੀ ਨਹੀਂ ਸੀ ਰਹਿੰਦਾ, ਪਰ ਹੁਣ ਵਿਗਿਆਨ ਦੇ ਯੁੱਗ ਵਿੱਚ ਮਹੀਨਿਆਂ ਵਾਲਾ ਕੰਮ ਦਿਨਾਂ ਵਿੱਚ ਨਿਬੜ ਜਾਂਦਾ ਹੈ ਅਤੇ ਦਿਨਾਂ ਵਾਲਾ ਕੰਮ ਘੰਟਿਆਂ ਵਿੱਚ ਪੂਰਾ ਕਰ ਲਿਆ ਜਾਂਦਾ ਹੈ, ਜਿਸ ਕਰਕੇ ਕਿਸਾਨਾਂ ਕੋਲ ਪੂਰੇ ਸਾਲ ਵਿੱਚ ਕਾਫ਼ੀ ਸਮਾਂ ਵਾਧੂ ਬਚ ਜਾਂਦਾ ਹੈ।

ਪੰਜਾਬ ਦੇ ਕਿਸਾਨ ਵਿਹਲੇ ਸਮੇਂ ਦੀ ਵਰਤੋਂ ਕਰਕੇ ਕਮਾਈ ਕਿਵੇਂ ਕਰਨ, ਇਹ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਸਾਨੂੰ ਕਿਸਾਨ ਦੀ ਪਰਿਭਾਸ਼ਾ ਸਮਝ ਲੈਣੀ ਜ਼ਰੂਰੀ ਹੈ ਕਿ ਅਸਲ ਵਿੱਚ ਕਿਸਾਨ/ਕਿਸਾਨੀ ਤੋਂ ਕੀ ਭਾਵ ਹੈ ਅਤੇ ਕਿਸਾਨ ਕਿਸ ਨੂੰ ਮੰਨਿਆ ਜਾਂਦਾ ਹੈ ਜਾਂ ਕਿਸ ਨੂੰ ਕਿਹਾ ਜਾ ਸਕਦਾ ਹੈ। ਕਿਸਾਨ ਸਿਰਫ ਉਸ ਪਰਿਵਾਰ ਜਾਂ ਵਿਅਕਤੀ ਨੂੰ ਕਿਹਾ ਜਾ ਸਕਦਾ ਹੈ, ਜਿਸ ਕੋਲ ਖੇਤੀ ਤੋਂ ਸਿਵਾਏ ਹੋਰ ਕੋਈ ਕਾਰੋਬਾਰ ਨਹੀਂ ਹੈ ਭਾਵ ਕਿ ਉਸ ਦੀ ਆਮਦਨ ਦਾ ਸਾਧਨ ਸਿਰਫ ਖੇਤੀਬਾੜੀ ਦਾ ਧੰਦਾ ਹੀ ਹੈ।

ਜੇਕਰ ਕੋਈ ਵਿਅਕਤੀ ਖੇਤੀ ਦੇ ਨਾਲ ਕੋਈ ਦੂਸਰਾ ਰੁਜ਼ਗਾਰ ਜਿਵੇਂ ਆੜ੍ਹਤ ਦੀ ਦੁਕਾਨ, ਕੀੜੇਮਾਰ ਦਵਾਈਆਂ ਦੀ ਦੁਕਾਨ, ਜ਼ਮੀਨ ਦੀ ਖਰੀਦ ਵੇਚ ਦਾ ਕਾਰੋਬਾਰ ਆਦਿ ਸਮੇਤ ਖੇਤੀ ਤੋਂ ਵੱਖਰਾ ਹੋਰ ਕੋਈ ਵੀ ਕਾਰੋਬਾਰ ਕਰ ਰਿਹਾ ਹੈ। ਜਿਸ ਤੋਂ ਉਸ ਨੂੰ ਵਾਧੂ ਆਮਦਨ ਹੋ ਰਹੀ ਹੈ, ਤਾਂ ਉਸ ਨੂੰ ਕਿਸਾਨ ਨਹੀਂ ਮੰਨਿਆ ਜਾ ਸਕਦਾ।

ਕਿਸਾਨ ਨੂੰ ਵਿਹਲੇ ਸਮੇਂ ਦੀ ਵਰਤੋਂ ਕਰਨੀ ਚਾਹੀਦੀ ਹੈ। ਜਿਵੇਂ ਅਕਤੂਬਰ-ਨਵੰਬਰ ਮਹੀਨੇ ਵਿੱਚ ਕਣਕ ਦੀ ਬਿਜਾਈ ਕਰਕੇ ਕਿਸਾਨ ਤਕਰੀਬਨ ਵਿਹਲੇ ਹੋ ਜਾਂਦੇ ਹਨ। ਹੁਣ ਤਾਂ ਫ਼ਸਲ ਨੂੰ ਪਾਣੀ ਦੇਣ ਵਾਸਤੇ ਵੀ ਖੇਤ ਜਾਣ ਦੀ ਜ਼ਰੂਰਤ ਨਹੀਂ ਪੈਂਦੀ, ਕਿਉਂਕਿ ਜ਼ਮੀਨਾਂ ਪੱਧਰੀਆਂ ਹੋਣ ਕਰਕੇ ਆਧੁਨਿਕ ਤਕਨੀਕ ਰਾਹੀਂ ਘਰ ਬੈਠਿਆਂ ਹੀ ਫ਼ਸਲਾਂ ਨੂੰ ਪਾਣੀ ਦਿੱਤਾ ਜਾ ਰਿਹਾ ਹੈ। ਸਰਦੀ ਦੇ ਇਨ੍ਹਾਂ ਦਿਨਾਂ ਵਿੱਚ ਕਿਸਾਨਾਂ ਕੋਲ ਕਈ ਸੌਖੇ ਅਤੇ ਕਮਾਈ ਵਾਲੇ ਧੰਦੇ ਹਨ। ਜਿਨ੍ਹਾਂ ਵਿੱਚੋਂ ਪਹਿਲਾਂ ਖੁੰਬਾਂ ਦੀ ਕਾਸ਼ਤ ਕਰਨਾ ਅਤੇ ਦੂਸਰਾ, ਗੁੜ ਬਣਾਉਣ ਲਈ ਘੁਲਾੜ੍ਹ ਚਲਾਉਣਾ। ਤੀਸਰਾ, ਹਰੇ ਮਟਰਾਂ ਦੇ ਦਾਣਿਆਂ ਦਾ ਕਾਰੋਬਾਰ ਇਹ ਤਿੰਨੋਂ ਹੀ ਧੰਦਿਆਂ ਦਾ ਸਬੰਧ ਠੰਢ ਦੇ ਮੌਸਮ ਨਾਲ ਹੈ। ਜੇਕਰ ਆਪਾਂ ਖੁੰਬਾਂ ਦੀ ਕਾਸ਼ਤ ਵੱਲ ਆਈਏ ਤਾਂ ਇਸ ਕਾਰੋਬਾਰ 'ਤੇ ਕਰੋੜਾਂ ਰੁਪਏ ਵੀ ਖਰਚੇ ਜਾ ਸਕਦੇ ਹਨ, ਪਰ ਇਹ ਲਾਗਤ ਆਮ ਕਿਸਾਨ ਦੇ ਵੱਸ ਵਿੱਚ ਨਹੀਂ। ਇਹ ਵੱਡਾ ਕਾਰੋਬਾਰ ਉਦਯੋਗ ਦਾ ਰੂਪ ਧਾਰਨ ਕਰ ਜਾਂਦਾ।

ਖੁੰਬਾਂ ਦੀ ਕਾਸ਼ਤ ਆਪਣੇ ਘਰ ਦੇ ਜਾਂ ਪਿੰਡ ਦੇ ਨੇੜੇ ਹੀ ਕਰ ਸਕਦਾ ਹੈ। ਇਸ ਤਰ੍ਹਾਂ ਕਰਨ ਨਾਲ ਤੁਹਾਡਾ ਪਰਿਵਾਰ ਵੀ ਖੁੰਬਾਂ ਦੀ ਤੁੜਾਈ ਤੇ ਪੈਕਿੰਗ ਕਰਨ ਵਿੱਚ ਸਹਿਯੋਗ ਕਰ ਸਕਦਾ ਹੈ ਅਤੇ ਹਰ ਰੋਜ਼ ਘਰੇਲੂ ਖਰਚ ਜੋਗੇ ਪੈਸੇ ਘਰੇ ਆ ਸਕਦੇ ਹਨ। ਆੜ੍ਹਤੀ ਜਾਂ ਕਿਸੇ ਹੋਰ ਵਿਅਕਤੀ ਕੋਲੋਂ ਪੈਸੇ ਮੰਗਣ ਦੀ ਜ਼ਰੂਰਤ ਹੀ ਨਹੀਂ ਪੈਣੀ। ਦੂਸਰੀ ਗੱਲ ਰਹੀ ਗੁੜ ਵਾਲੇ ਘੁਲਾੜ੍ਹ ਦੀ ਜਦੋਂ ਦਾ ਪੰਜਾਬੀਆਂ ਨੇ ਗੁੜ ਦਾ ਖਹਿੜਾ ਛੱਡ ਕੇ ਖੰਡ ਦਾ ਫੜਿਆ ਹੈ, ਉਦੋਂ ਤੋਂ ਹੀ ਇਹ ਕਾਰੋਬਾਰ ਪਰਵਾਸੀ ਲੋਕਾਂ ਨੇ ਸੰਭਾਲ ਲਿਆ ਹੈ। ਸੜਕਾਂ ਦੇ ਕੰਢੇ ਸਰਦੀ ਦੇ ਮੌਸਮ ਵਿੱਚ ਕਿੰਨੇ ਹੀ ਗੁੜ ਬਣਾਉਣ ਵਾਲੇ ਬੈਠ ਜਾਂਦੇ ਹਨ। ਜਿਨ੍ਹਾਂ ਦਾ ਖੇਤੀ ਨਾਲ ਕੋਈ ਸੰਬੰਧ ਹੀ ਨਹੀਂ ਹੁੰਦਾ ਅਤੇ ਕਈ ਤਾਂ ਘਟੀਆ ਕਿਸਮ ਦੀ ਖੰਡ ਲਿਆ ਕੇ ਉਸ ਦਾ ਗੁੜ ਬਣਾ ਕੇ ਵੇਚ ਰਹੇ ਹਨ।

ਪੰਜਾਬ ਦੀਆਂ ਕਈ ਥਾਵਾਂ 'ਤੇ ਸਿਹਤ ਵਿਭਾਗ ਨੇ ਗੁੜ ਦੀਆਂ ਘੁਲਾੜਾਂ ਤੋਂ ਖੰਡ ਦੀਆਂ ਬੋਰੀਆਂ ਵੀ ਬਰਾਮਦ ਕੀਤੀਆਂ ਸਨ। ਜਦੋਂ ਤੁਸੀਂ ਕਿਸਾਨੀ ਦੇ ਰੂਪ ਵਿੱਚ ਇਹ ਕਾਰੋਬਾਰ ਸ਼ੁਰੂ ਕਰਦੇ ਹੋ ਤਾਂ ਘੱਟੋ-ਘੱਟ ਲੋਕਾਂ ਨੂੰ ਇਹ ਤਾਂ ਯਕੀਨ ਹੋਵੇਗਾ ਹੀ ਕਿ ਇਹ ਖੰਡ ਤੋਂ ਨਹੀਂ ਗੰਨੇ ਤੋਂ ਬਣਿਆ ਹੋਇਆ ਗੁੜ ਹੈ। ਜਿਹੜੇ ਕਿਸਾਨ ਖੁੰਬਾਂ ਦੀ ਕਾਸ਼ਤ ਨਹੀਂ ਕਰ ਸਕਦੇ, ਉਹ ਸਰਦੀ ਦੇ ਮੌਸਮ ਵਿੱਚ ਗੁੜ ਬਣਾਉਣ ਦਾ ਕਾਰੋਬਾਰ ਤੋਰ ਸਕਦੇ ਹਨ। ਪੰਜਾਬ ਵਿੱਚ ਗੁੜ ਦੀ ਵਰਤੋਂ ਬਹੁਤ ਜ਼ਿਆਦਾ ਹੈ, ਪਰ ਉਸ ਦੇ ਮੁਕਾਬਲੇ ਪੈਦਾਵਾਰ ਨਹੀਂ ਹੈ। ਜਿਸ ਕਰਕੇ ਗੁੜ/ਸ਼ੱਕਰ ਦੇ ਟਰੱਕ ਯੂ. ਪੀ. ਤੋਂ ਪੰਜਾਬ ਵਿੱਚ ਆਉਂਦੇ ਹਨ। ਇਸ ਦੇ ਨਾਲ ਹੀ ਜਿੱਥੇ ਸੜਕ ਕਿਨਾਰੇ ਗੁੜ ਬਣਾਉਣ ਵਾਲਾ ਘੁਲਾੜ ਚੱਲਦਾ ਸੀ। ਉਸੇ ਜਗ੍ਹਾ ਗਰਮੀ ਦਾ ਮੌਸਮ ਆਉਣ 'ਤੇ ਗੰਨੇ ਦਾ ਜੂਸ ਵੇਚਣ ਦਾ ਪ੍ਰਬੰਧ ਵੀ ਕੀਤਾ ਜਾ ਸਕਦਾ ਹੈ।


ਤੀਸਰਾ ਕਾਰੋਬਾਰ ਹਰੇ ਮਟਰਾਂ ਦੀ ਤੁੜਾਈ ਅਤੇ ਸੁਕਾਈ, ਜੇਕਰ ਤੁਸੀਂ ਆਪਣੇ ਖੇਤਾਂ ਵਿੱਚ ਮਟਰਾਂ ਦੀ ਕਾਸ਼ਤ ਕੀਤੀ ਹੈ ਤਾਂ ਖੁਦ ਤੁੜਾਈ ਕਰਕੇ ਕਮਾਈ ਕਰ ਸਕਦੇ ਹੋ। ਨਹੀਂ ਤਾਂ ਮਟਰਾਂ ਦੇ ਸੀਜ਼ਨ ਦੌਰਾਨ ਹਰੇ ਮਟਰ ਖਰੀਦ ਕੇ ਉਨ੍ਹਾਂ ਨੂੰ ਸੁਕਾ ਕੇ ਵੀ ਵੇਚ ਸਕਦੇ ਹੋ ਜਾਂ ਫਿਰ ਮਟਰਾਂ ਦਾ ਬੀਜ ਵੀ ਤਿਆਰ ਕੀਤਾ ਜਾ ਸਕਦਾ ਹੈ। ਇਨ੍ਹਾਂ ਸਾਰੇ ਕੰਮਾਂ ਤੋਂ ਬਿਨਾਂ ਇੱਕ ਹੋਰ ਅਜਿਹਾ ਕੰਮ ਹੈ, ਜਿਸ ਨੂੰ ਬਿਨਾਂ ਕਿਸੇ ਲਾਗਤ ਲਗਾਏ ਕੀਤਾ ਜਾ ਸਕਦਾ ਹੈ। ਮਗਨਰੇਗਾ ਯੋਜਨਾ, ਇਸ ਅਧੀਨ ਪੰਜ ਏਕੜ ਤੋਂ ਘੱਟ ਜ਼ਮੀਨ ਵਾਲਾ ਕਿਸਾਨ ਆਪਣੇ ਹੀ ਖੇਤਾਂ ਵਿੱਚ ਕੰਮ ਕਰਕੇ ਮਨਰੇਗਾ ਦੀ ਦਿਹਾੜੀ ਲੈ ਸਕਦਾ ਹੈ ਜਾਂ ਫਿਰ ਪਿੰਡ ਦੇ 100/200 ਕਿਸਾਨ ਇਕੱਠੇ ਹੋ ਕੇ ਅਕਤੂਬਰ ਮਹੀਨੇ ਵਿੱਚ ਅਰਜ਼ੀ ਬਲਾਕ ਤੇ ਵਿਕਾਸ ਪੰਚਾਇਤ ਅਫਸਰ ਨੂੰ ਦੇ ਕੇ 100 ਦਿਨਾਂ ਦੇ ਰੁਜ਼ਗਾਰ ਦੀ ਮੰਗ ਕਰ ਸਕਦੇ ਹਨ। ਕਿਉਂਕਿ ਇਸ ਯੋਜਨਾ ਵਿੱਚ 100 ਦਿਨ ਗਾਰੰਟੀ ਵਾਲਾ ਰੁਜ਼ਗਾਰ ਵਿਹਲੇ ਸਮੇਂ ਵਿੱਚ ਹੀ ਦੇਣ ਦਾ ਕਾਨੂੰਨ ਹੈ, ਭਾਵ ਕਿ ਜਦੋਂ ਤੁਹਾਡੇ ਖੇਤਾਂ ਵਿੱਚ ਕੰਮ ਨਹੀਂ ਹੈ ਤਾਂ ਤੁਸੀਂ ਵਿਹਲੇ ਸਮੇਂ ਵਿੱਚ ਪਿੰਡ ਦੇ ਕੰਮ ਕਰਨ ਲਈ ਇਹ ਰੁਜ਼ਗਾਰ ਮੰਗ ਸਕਦੇ ਹੋ। ਨਾਲੇ ਪਿੰਡ ਦੀ ਸਾਫ਼-ਸਫ਼ਾਈ ਅਤੇ ਨਾਲੇ ਦਿਹਾੜੀ ਮਿਲੀ ਜਾਣੀ ਹੈ। ਮਨਰੇਗਾ ਯੋਜਨਾ ਵਿੱਚ ਕੋਈ ਵੀ ਵਿਅਕਤੀ ਕੰਮ ਕਰ ਸਕਦਾ ਹੈ।

ਇਸ ਯੋਜਨਾ ਦਾ ਗਰੀਬੀ / ਅਮੀਰੀ / ਜਾਤ / ਪਾਤ ਆਦਿ ਨਾਲ ਕੋਈ ਸੰਬੰਧ ਨਹੀਂ ਹੈ, ਕਿਉਂਕਿ ਆਮ ਤੌਰ 'ਤੇ ਪਿੰਡਾਂ ਵਿੱਚ ਅਜਿਹੇ ਰੌਲੇ ਪੈਂਦੇ ਰਹਿੰਦੇ ਹਨ ਕਿ ਸਰਪੰਚ ਨੇ ਫਲਾਣੇ ਅਮੀਰ ਬੰਦੇ ਦੇ ਖਾਤੇ ਵਿੱਚ ਪੈਸੇ ਪਾ ਦਿੱਤੇ ਹਨ। ਜੇਕਰ ਉਸ ਨੇ ਮਗਨਰੇਗਾ ਵਿੱਚ ਕੰਮ ਕੀਤਾ ਹੈ ਤਾਂ ਪੈਸੇ ਉਸ ਦੇ ਖਾਤੇ ਵਿੱਚ ਪਾਏ ਜਾ ਸਕਦੇ ਹਨ। ਜਿਸ ਕਰਕੇ ਵਿਹਲੇ ਸਮੇਂ ਦੀ ਵਰਤੋਂ ਕਰਨ ਲਈ ਇਹ ਬਿਨਾਂ ਕੋਈ ਲਾਗਤ ਲਾਏ ਵਧੀਆ ਧੰਦਾ ਹੈ।

ਸਾਡੇ ਕਿਸਾਨ ਵੀਰ ਯੋਜਨਾਬੱਧ ਤਰੀਕੇ ਨਾਲ ਖੇਤੀ ਦਾ ਕੰਮ ਕਰਨ ਤਾਂ ਇਸ ਤੋਂ ਆਮਦਨ ਵਧਾ ਸਕਦੇ ਹਨ। ਇਸ ਸੰਬੰਧ ਵਿੱਚ ਖੇਤੀ ਮਾਹਿਰ ਵੀ ਸਹਿਯੋਗ ਕਰ ਸਕਦੇ ਹਨ।

### ਕਿਸਾਨਾਂ ਨੂੰ ਏਦਾਂ ਹੋ ਸਕਦੇ ਫਾਇਦਾ !

ਆਮ ਕਿਸਾਨ 100 ਤੋਂ ਲੈ ਕੇ 500 ਕੁਇੰਟਲ ਤੂੜੀ ਦੀ ਕੰਪੋਸਟ ਤਿਆਰ ਕਰਕੇ ਵਿਹਲੇ ਸਮੇਂ ਦੀ ਵਰਤੋਂ ਕਰ ਸਕਦਾ ਹੈ। ਕਣਕ ਦੀ ਵਾਢੀ ਤੋਂ ਬਾਅਦ ਕਣਕ ਦੇ ਨਾੜ ਨੂੰ ਅੱਗ ਲਗਾਉਣ ਦੀ ਬਜਾਏ ਰੀਪਰ ਨਾਲ ਉਸ ਦੀ ਤੂੜੀ ਬਣਾ ਕੇ ਖੇਤਾਂ ਵਿੱਚ ਸੰਭਾਲੀ ਜਾ ਸਕਦੀ ਹੈ। ਤੂੜੀ ਨੂੰ ਸੰਭਾਲਣ ਲਈ ਕੁੱਪ (ਮਿੱਟੀ ਜਾਂ ਪਰਾਲੀ) ਦਾ ਬਣਾਇਆ ਜਾ ਸਕਦਾ ਹੈ। ਸਾਉਣੀ ਵਿੱਚ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਕੁੱਪ ਬੰਨ੍ਹਣ ਲਈ ਪਰਾਲੀ ਨੂੰ ਸੰਭਾਲਿਆ ਜਾ ਸਕਦਾ ਹੈ।



ਇਸ ਤਰ੍ਹਾਂ ਇੱਕ ਵਸਤੂ ਦਾ ਦੂਸਰੀ ਵਸਤੂ ਨਾਲ ਜੋੜ ਬਣਦਾ ਹੈ। ਪਰ ਕਿਸਾਨਾਂ ਨੇ ਇਹ ਜੋੜ ਬਣਾਉਣਾ ਹੀ ਛੱਡ ਦਿੱਤਾ ਹੈ। ਤੂੜੀ ਖ਼ਤਮ ਹੋ ਜਾਣ 'ਤੇ ਕਿਸਾਨ ਪਰਾਲੀ ਕੁਤਰ ਕੇ ਹਰੇ ਚਾਰੇ ਵਿੱਚ ਪਾਉਂਦੇ ਸੀ। ਛੋਟੇ ਅਤੇ ਦਰਮਿਆਨੇ ਕਿਸਾਨ ਤੂੜੀ ਆਪਣੇ ਖੇਤਾਂ ਵਿੱਚ ਸੰਭਾਲ ਸਕਦੇ ਹਨ ਅਤੇ ਸਤੰਬਰ-ਅਕਤੂਬਰ ਵਿੱਚ ਖੁੰਬਾਂ ਦੀ ਕਾਸ਼ਤ ਕਰਨ ਦਾ ਸਮਾਂ ਆਉਣ 'ਤੇ ਆਪਣੀ ਸੰਭਾਲੀ ਹੋਈ ਤੂੜੀ ਦੀ ਵਰਤੋਂ ਕਰ ਸਕਦੇ ਹਨ। ਜੇ ਕਿਸਾਨ ਨੂੰ ਖੁੰਬਾਂ ਦੀ ਕਾਸ਼ਤ ਕਰਨ ਲਈ ਪੰਜ ਸੌ ਕੁਇੰਟਲ ਤੂੜੀ ਦੀ ਖਰੀਦ ਕਰਨੀ ਪੈ ਜਾਵੇ ਤਾਂ ਦੋ ਤੋਂ ਢਾਈ ਲੱਖ ਰੁਪਏ ਦੀ ਬਣਦੀ ਹੈ। ਜੇਕਰ ਉਸ ਦੇ ਆਪਣੇ ਖੇਤ ਵਿੱਚ ਸਾਂਭ ਦੇ ਰੱਖੀ ਹੋਵੇ ਤਾਂ ਤੂੜੀ ਦੀ ਲਾਗਤ ਬੱਚਤ ਵਿੱਚ ਬਦਲ ਸਕਦੀ ਹੈ। ਤੁਸੀਂ ਖੁੰਬਾਂ ਦੀ ਕਾਸ਼ਤ ਨਹੀਂ ਵੀ ਕਰਨੀ ਚਾਹੁੰਦੇ ਤਾਂ ਖੁੰਬਾਂ ਦੀ ਕਾਸ਼ਤ ਕਰਨ ਦੀ ਯੋਜਨਾ ਦੇ ਬਹਾਨੇ ਸੰਭਾਲੀ ਗਈ ਤੂੜੀ ਹੀ ਮੰਦੇ ਅਤੇ ਵਿਹਲੇ ਸਮੇਂ ਵਿੱਚ ਵੇਚ ਕੇ ਆਸਾਨੀ ਨਾਲ ਦੋ ਤੋਂ ਢਾਈ ਲੱਖ ਰੁਪਏ ਕਮਾਏ ਜਾ ਸਕਦੇ ਹਨ।

# ਸਬਜ਼ੀਆਂ ਦੀ ਕਾਸ਼ਤ ਅਤੇ ਪਨੀਰੀ ਦਾ ਉਤਪਾਦਨ ਕਰਨ ਵਾਲਾ ਉੱਦਮੀ ਕਿਸਾਨ

ਕੁਲਦੀਪ ਸਿੰਘ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਆਪਣੀ 5 ਏਕੜ ਜ਼ਮੀਨ 'ਤੇ ਪਿਆਜ਼, ਫੁੱਲ ਗੋਭੀ, ਬੰਦ ਗੋਭੀ, ਬਰੌਕਲੀ, ਬੈਂਗਣ, ਟਮਾਟਰ, ਮਿਰਚਾਂ ਅਤੇ ਸ਼ਿਮਲਾ ਮਿਰਚ ਦੀ ਪਨੀਰੀ ਤਿਆਰ ਕਰਕੇ ਵੇਚਦਾ ਹੈ। ਪਨੀਰੀ ਦੀ ਵਿਕਰੀ ਤੋਂ ਉਹ ਆਪਣੇ ਖੇਤ ਵਿੱਚ 3 ਏਕੜ ਸ਼ਿਮਲਾ ਮਿਰਚ ਅਤੇ ਪਿਆਜ਼ ਦੀ ਕਾਸ਼ਤ ਕਰਦਾ ਹੈ ਅਤੇ 2 ਏਕੜ ਵਿੱਚ ਖਰਬੂਜ਼ੇ ਦੀ ਕਾਸ਼ਤ ਕਰਦਾ ਹੈ। ਇਸ ਤੋਂ ਇਲਾਵਾ, ਉਹ ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਅਗੇਤੀ ਪਨੀਰੀ ਪਲੱਗ ਟਰੇ ਵਿੱਚ ਤਿਆਰ ਕਰਕੇ ਵੇਚਦਾ ਹੈ।

ਇਸ ਉੱਦਮੀ ਕਿਸਾਨ ਨੇ ਖੇਤੀ ਮਾਹਿਰਾਂ ਦੀ ਸਲਾਹ ਨਾਲ ਵੱਟਸਐਪ ਦਾ ਇੱਕ ਗਰੁੱਪ ਬਣਾਇਆ ਹੈ, ਜਿਸ ਦੀ ਵਰਤੋਂ ਨਾਲ ਉਹ ਹੋਰਨਾਂ ਕਿਸਾਨਾਂ ਨੂੰ ਸਬਜ਼ੀਆਂ ਦੀ ਕਾਸ਼ਤ ਅਤੇ ਪਨੀਰੀ ਉਤਪਾਦਨ ਕਰਨ ਲਈ ਪ੍ਰੇਰਿਤ ਕਰਦਾ ਹੈ। ਉਸ ਦੁਆਰਾ ਪੈਦਾ ਕੀਤੀਆਂ ਸਬਜ਼ੀਆਂ ਦੀ ਪਨੀਰੀ ਦੀ ਮੰਗ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਹੀ ਨਹੀਂ, ਸਗੋਂ ਦੂਰ-ਦੁਰਾਡੇ ਜ਼ਿਲ੍ਹਿਆਂ ਅਤੇ ਗੁਆਂਢੀ ਸੂਬਿਆਂ ਵਿੱਚ ਵੀ ਹੈ। ਉਹ ਅਤਿ ਆਧੁਨਿਕ ਖੇਤੀ ਮਸ਼ੀਨਰੀ ਅਤੇ ਜਲ ਸੋਮਿਆਂ ਦੀ ਸਾਂਭ-ਸੰਭਾਲ ਲਈ ਆਪਣੇ ਖੇਤ ਵਿੱਚ ਤੁਪਕਾ ਸਿੰਚਾਈ ਅਤੇ ਫੁਹਾਰਾ ਸਿੰਚਾਈ ਦੀ ਵਰਤੋਂ ਕਰਦਾ ਹੈ। ਵਾਤਾਵਰਣ ਦੀ ਸੰਭਾਲ ਅਤੇ ਮਿੱਟੀ ਦੀ ਸਿਹਤ ਨੂੰ ਜਰਖੇਜ਼ ਰੱਖਣ ਲਈ ਉਹ ਰਸਾਇਣਿਕ ਖੇਤ ਵਿੱਚ ਤੁਪਕਾ ਸਿੰਚਾਈ ਅਤੇ ਫੁਹਾਰਾ ਸਿੰਚਾਈ ਦੀ ਵਰਤੋਂ ਕਰਦਾ ਹੈ। ਵਾਤਾਵਰਣ ਦੀ ਸੰਭਾਲ ਅਤੇ ਮਿੱਟੀ ਦੀ ਸਿਹਤ ਨੂੰ ਜਰਖੇਜ਼ ਰੱਖਣ ਲਈ ਉਹ ਰਸਾਇਣਿਕ ਖਾਦਾਂ ਦੀ ਲੋੜ ਮੁਤਾਬਿਕ ਅਤੇ ਵੱਧ ਤੋਂ ਵੱਧ ਰੂੜੀ ਦੀ ਖਾਦ, ਹਰੀ ਖਾਦ ਅਤੇ ਜੀਵਾਣੂੰ ਖਾਦਾਂ ਦੀ ਵਰਤੋਂ ਕਰਦਾ ਹੈ। ਸਮੇਂ-ਸਮੇਂ 'ਤੇ ਉਹ ਆਪਣੀ ਖੇਤਾਂ ਦੀ ਮਿੱਟੀ ਪਰਖ ਵੀ ਕਰਾਉਂਦਾ ਹੈ। ਕੁਲਦੀਪ ਸਿੰਘ ਕ੍ਰਿਸ਼ੀ ਵਿਗਿਆਨ ਕੇਂਦਰਾਂ ਦੇ ਕਿਸਾਨ ਮੇਲਿਆਂ ਅਤੇ ਖੇਤੀਬਾੜੀ ਵਿਭਾਗ ਦੇ ਜ਼ਿਲ੍ਹਾ ਪੱਧਰੀ ਕਿਸਾਨ ਮੇਲੇ 'ਤੇ ਆਪਣੇ ਫਾਰਮ ਦੀ ਪ੍ਰਦਰਸ਼ਨੀ ਲਾਉਂਦਾ ਅਤੇ ਪਨੀਰੀ ਦੀ ਵਿਕਰੀ ਕਰਦਾ ਹੈ। ਸਬਜ਼ੀਆਂ ਦੇ ਖੇਤਰ ਵਿੱਚ ਉਸ ਦੀ ਲਗਨ ਅਤੇ ਸੂਝਬੂਝ ਨੂੰ ਦੇਖਦੇ ਹੋਏ ਅਤੇ ਇਹਨਾਂ ਦੇ ਤਜਰਬਿਆਂ ਦੀ ਗੂੰਜ ਨੂੰ ਹੋਰ ਕਿਸਾਨਾਂ ਦੇ ਕੰਨਾਂ ਵਿੱਚ ਪਵਾਉਣ ਲਈ ਕੁਲਦੀਪ ਸਿੰਘ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਖੇਤੀਬਾੜੀ ਵਿਭਾਗ ਵੱਲੋਂ ਆਯੋਜਿਤ ਕੀਤੇ ਜਾਂਦੇ ਸਿਖਲਾਈ ਕੋਰਸਾਂ, ਕੈਂਪਾਂ ਅਤੇ ਕਿਸਾਨ ਮੇਲਿਆਂ ਵਿੱਚ ਵਿਸ਼ੇਸ਼ ਇਨਾਮ ਦੇ ਕੇ ਸਨਮਾਨਿਤ ਵੀ ਕੀਤਾ ਗਿਆ ਹੈ। ਇਹ ਕਿਸਾਨ ਨੇੜਲੇ ਪਿੰਡਾਂ ਦੇ ਕਿਸਾਨਾਂ ਤੋਂ ਇਲਾਵਾ ਵੱਖ-ਵੱਖ ਜ਼ਿਲ੍ਹਿਆਂ ਤੋਂ ਆਉਂਦੇ ਕਿਸਾਨਾਂ ਨੂੰ ਵੀ ਨਰਸਰੀ ਦੇ ਉਤਪਾਦਨ ਦੀ ਮਹੱਤਤਾ ਬਾਰੇ ਜਾਗਰੂਕ ਕਰਦਾ ਰਹਿੰਦਾ ਹੈ।

ਕੁਲਦੀਪ ਸਿੰਘ ਪੀ. ਏ. ਯੂ. ਅਤੇ ਹੋਰ ਸਰਕਾਰੀ ਸੰਸਥਾਵਾਂ ਦੁਆਰਾ ਆਯੋਜਿਤ ਵੱਖ-ਵੱਖ ਸਿਖਲਾਈ ਪ੍ਰੋਗਰਾਮਾਂ, ਸੈਮੀਨਾਰਾਂ ਅਤੇ ਜਾਗਰੂਕਤਾ ਕੈਂਪਾਂ ਆਦਿ ਵਿੱਚ ਸ਼ਾਮਿਲ ਹੋ ਕੇ ਬਾਗਬਾਨੀ ਸੰਬੰਧੀ ਨਵੀਂ ਜਾਣਕਾਰੀ ਪ੍ਰਾਪਤ ਕਰਦਾ ਹੈ। ਆਪਣੀ ਸੂਝ-ਬੂਝ ਨੂੰ ਖੇਤੀਬਾੜੀ ਦੇ ਵਿਸ਼ੇ ਵਿੱਚ ਜਾਗਰੂਕ ਰੱਖਣ ਲਈ ਉਹ ਖੇਤੀ ਪ੍ਰਕਾਸ਼ਨਾਵਾਂ ਨੂੰ ਵੀ ਪੜ੍ਹਦਾ ਹੈ। ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ ਦੇ ਲਗਾਤਾਰ ਸੰਪਰਕ ਨਾਲ ਆਪਣੇ ਗਿਆਨ ਵਿੱਚ ਹੋਰ ਵਾਧਾ ਕਰਨ ਲਈ ਕੁਲਦੀਪ ਸਿੰਘ ਨੇ ਬਾਗਬਾਨੀ ਫ਼ਸਲਾਂ ਵਿੱਚ ਨਰਸਰੀ ਦੇ ਉਤਪਾਦਨ ਦੀ ਸਿਖਲਾਈ ਵੀ ਹਾਸਿਲ ਕੀਤੀ।

ਅਜੋਕੇ ਸਮੇਂ ਵਿੱਚ ਇਹਨਾਂ ਕੋਲ 5 ਮੁਰਾ ਨਸਲ ਦੀਆਂ ਮੱਝਾਂ ਹਨ। ਇਨ੍ਹਾਂ ਤੋਂ ਉਹ ਘਰੇਲੂ ਵਰਤੋਂ ਲਈ ਦੁੱਧ ਦਾ ਉਤਪਾਦਨ ਕਰਦਾ ਹੈ ਅਤੇ ਵਾਧੂ ਦੁੱਧ ਉਹ ਪਿੰਡ ਵਿੱਚ ਵੇਚ ਕੇ ਉਸ ਤੋਂ ਵੀ ਆਮਦਨ ਪ੍ਰਾਪਤ ਕਰਦਾ ਹੈ। ਪਸ਼ੂਆਂ ਦੇ ਗੋਬਰ ਤੋਂ ਰੂੜੀ ਬਣਾ ਕੇ ਅਤੇ ਫ਼ਸਲੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਰਲਾ ਕੇ ਖਾਦ ਦੀ ਪੂਰਤੀ ਲਈ ਉਹ ਕਿਸਾਨਾਂ ਸਾਹਮਣੇ ਚਾਨਣ ਮੁਨਾਰੇ ਦੇ ਤੌਰ 'ਤੇ ਉਭਰਿਆ ਹੈ ਅਤੇ ਉਸਦੀ ਮਿਹਨਤ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਮਿਹਨਤ ਅਤੇ ਲਗਨ ਨਾਲ ਕਿਸਾਨ ਵੀਰ ਘੱਟ ਜ਼ਮੀਨ ਵਿੱਚੋਂ ਵੀ ਚੋਖੀ ਆਮਦਨ ਹਾਸਿਲ ਕਰ ਸਕਦੇ ਹਨ।

**ਸੁਖਜਿੰਦਰ ਸਿੰਘ ਮਾਨ ਅਤੇ ਕਰਮਜੀਤ ਸ਼ਰਮਾ, ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ**
(ਮੋ. 96533-45331)



# ਖੇਤੀ ਵਪਾਰ 'ਚ ਅਮਰੀਕਾ ਦੇ ਸਾਹਮਣੇ ਗੋਡੇ ਟੇਕਣ ਦੀ ਤਿਆਰੀ

ਵਾਹ, ਕੀ ਜੁਗਲਬੰਦੀ ਹੈ। ਅਮਰੀਕਾ ਨਾਲ ਚੱਲੀ ਵਪਾਰ ਗੱਲਬਾਤ ਦੇ ਖੇਤੀ ਵਾਲੇ ਪੱਖ 'ਤੇ ਨੀਤੀ ਆਯੋਗ ਦੇ ਪੇਪਰ ਨੂੰ ਪੜ੍ਹ ਕੇ ਮੇਰੀ ਪਹਿਲੀ ਪ੍ਰਤੀਕਿਰਿਆ ਇਹੀ ਸੀ। ਉਧਰ ਅਮਰੀਕਾ ਸਰਕਾਰ ਘੁਰਕੀ ਦਿੰਦੀ ਹੈ ਕਿ ਭਾਰਤ ਅਮਰੀਕਾ ਨਾਲ ਆਪਣੀ ਖੇਤੀ ਦਰਾਮਦ 'ਤੇ ਡਿਊਟੀ ਘੱਟ ਕਰੇ ਨਹੀਂ ਤਾਂ...। ਦੂਜੇ ਪਾਸੇ ਭਾਰਤ ਦੇ ਸਰਕਾਰੀ ਮਾਹਿਰ ਦੱਸਦੇ ਹਨ ਕਿ ਅਮਰੀਕੀ ਖੇਤੀ ਦਰਾਮਦ 'ਤੇ ਡਿਊਟੀ ਕਿਵੇਂ ਘੱਟ ਕੀਤੀ ਜਾਵੇ। ਅਮਰੀਕਾ ਦਬਾਅ ਪਾਉਂਦਾ ਹੈ ਕਿ ਜੈਨੇਟਿਕਲੀ ਮੋਡੀਫਾਈ (ਜੀ. ਐੱਮ.) ਸੋਇਆਬੀਨ ਅਤੇ ਮੱਕਾ ਦੀ ਦਰਾਮਦ 'ਤੇ ਵੱਡੀ ਪਾਬੰਦੀ ਨੂੰ ਭਾਰਤ



ਯੋਗੇਂਦਰ ਯਾਦਵ

ਸਰਕਾਰ ਹਟਾਏ।

ਉੱਧਰ ਭਾਰਤ ਸਰਕਾਰ ਦੇ ਹੀ ਅਫਸਰ ਭਾਰਤ 'ਚ ਜੀ. ਐੱਮ. 'ਤੇ ਲੱਗੀ ਪਾਬੰਦੀ ਨੂੰ ਗੱਚਾ ਦੇਣ ਲਈ ਬਹਾਨੇ ਲੱਭ ਰਹੇ ਹਨ। ਦੋਹਾਂ ਦਾ ਤਾਲਮੇਲ ਇੰਨਾ ਡੂੰਘਾ ਹੈ ਕਿ ਸ਼ੱਕ ਹੁੰਦਾ ਹੈ ਕਿ ਕਿਤੇ ਦੋਹਾਂ ਦੀਆਂ ਜ਼ਮੀਨਾਂ ਅਤੇ ਪੈਸੇ ਇਕੋ ਹੀ ਸੋਮੇ 'ਚੋਂ ਤਾਂ ਨਹੀਂ ਆ ਰਹੇ।

ਕਹਿਣ ਨੂੰ ਨੀਤੀ ਆਯੋਗ ਵਲੋਂ ਇਸ ਹਫਤੇ ਪ੍ਰਕਾਸ਼ਿਤ 'ਵਰਕਿੰਗ ਪੇਪਰ' ਦੋ ਮਾਹਿਰਾਂ ਦੇ ਨਿੱਜੀ ਵਿਚਾਰ ਹਨ ਪਰ ਜੇ ਉਸ ਦੇ ਲੇਖਕ ਰਾਕਾ ਸਕਸੈਨਾ ਨਾਲ ਨੀਤੀ ਆਯੋਗ ਦੇ ਮੈਂਬਰ ਅਤੇ ਮੋਦੀ ਸਰਕਾਰ ਦੀ ਖੇਤੀ ਨੀਤੀ ਦੇ ਨਿਰਮਾਤਾ ਡਾ. ਰਮੇਸ਼ ਚੰਦ ਹੋਣ, ਤਾਂ ਇਨ੍ਹਾਂ ਵਿਚਾਰਾਂ 'ਚ ਕੁਝ ਵੀ ਨਿੱਜੀ ਨਹੀਂ ਰਿਹਾ। ਜੇ ਅਮਰੀਕਾ ਨਾਲ ਵਪਾਰ ਸਮਝੌਤੇ ਦੀ ਮਿਆਦ ਪੂਰੀ ਹੋਣ ਤੋਂ ਕੁਝ ਦਿਨ ਪਹਿਲਾਂ 'ਪ੍ਰੋਮੋਟਿੰਗ ਇੰਡੀਆ-ਯੂ. ਐੱਸ. ਐਗਰੀਕਲਚਰ ਟ੍ਰੇਡ ਅੰਡਰ ਦਿ ਨਿਊ ਯੂ. ਐੱਸ. ਟ੍ਰੇਡ ਰੇਜੀਮ' (ਅਮਰੀਕਾ ਦੀ ਨਵੀਂ ਵਪਾਰ ਨੀਤੀ ਅਧੀਨ ਭਾਰਤ ਅਮਰੀਕਾ ਖੇਤੀ ਵਪਾਰ ਸੰਵਰਧਨ) ਵਿਸ਼ੇ 'ਤੇ ਨੀਤੀ ਆਯੋਗ ਦੀ ਵੈੱਬਸਾਈਟ 'ਤੇ ਕੋਈ ਹੋਰ ਪੱਤਰ ਪ੍ਰਕਾਸ਼ਿਤ ਹੋਵੇ ਤਾਂ ਇਹ ਖੋਜ ਦਾ ਮਾਮਲਾ ਨਹੀਂ ਹੈ, ਸਗੋਂ ਭਾਰਤ ਸਰਕਾਰ ਦੀ ਰਸਮੀ ਨੀਤੀ ਦਾ ਗੈਰ-ਰਸਮੀ ਐਲਾਨ ਹੈ। ਜਾਂ ਫਿਰ ਸੰਬੰਧਤ ਧਿਰਾਂ ਦੀ ਪ੍ਰਤੀਕਿਰਿਆ ਨੂੰ ਭਾਂਪਣ ਦਾ ਤਰੀਕਾ ਹੈ।

ਜੋ ਵੀ ਹੋਵੇ, ਇਕ ਗੱਲ ਸਪੱਸ਼ਟ ਹੈ। ਇਸ ਪੇਪਰ ਰਾਹੀਂ ਭਾਰਤ ਸਰਕਾਰ ਇਹ ਪ੍ਰਸਤਾਵ ਰੱਖ ਰਹੀ ਹੈ ਕਿ ਉਹ ਆਉਂਦੇ ਵਪਾਰ ਸਮਝੌਤੇ 'ਤੇ ਅਮਰੀਕਾ ਸਰਕਾਰ ਦੀ ਖੇਤੀ ਨਾਲ ਸੰਬੰਧਤ ਮੰਗਾਂ ਨੂੰ ਮੰਨਣ ਲਈ ਤਿਆਰ ਹੈ।

ਮਾਮਲਾ ਸਿੱਧਾ ਹੈ। ਪਿਛਲੇ ਕਈ ਸਾਲਾਂ ਤੋਂ ਅਮਰੀਕਾ ਦੇ ਖੇਤੀ ਉਤਪਾਦ ਨੂੰ ਚੀਨ ਨੇ ਖਰੀਦਣਾ ਘੱਟ ਕਰ ਦਿੱਤਾ ਹੈ। ਨਤੀਜਾ ਇਹ ਨਿਕਲਿਆ ਕਿ ਅਮਰੀਕਾ ਦੀ ਨਜ਼ਰ ਹੁਣ ਭਾਰਤ ਦੇ ਖੇਤੀ ਬਾਜ਼ਾਰ 'ਤੇ ਹੈ। ਪਿਛਲੇ ਸਾਲ ਅਮਰੀਕਾ ਦੇ ਖੇਤੀ ਮੰਤਰਾਲਾ ਨੇ ਭਾਰਤ ਦੇ ਮਾਸ ਉਦਯੋਗ 'ਤੇ ਰਿਪੋਰਟ 'ਚ ਲਿਖਿਆ ਸੀ ਕਿ ਆਉਣ ਵਾਲੇ ਕੁਝ ਸਾਲਾਂ 'ਚ ਭਾਰਤ 'ਚ ਚਿਕਨ ਫੀਡ ਅਤੇ ਸੂਰਾਂ ਨੂੰ ਖੁਆਉਣ ਲਈ ਸੋਇਆਬੀਨ ਅਤੇ ਮੱਕਾ ਦੀ ਮੰਗ ਵਧੇਗੀ। ਇਹ ਅਮਰੀਕਾ ਲਈ ਆਪਣੇ ਸੋਇਆਬੀਨ ਅਤੇ ਮੱਕਾ ਨੂੰ ਬਰਾਮਦ ਕਰਨ ਦਾ ਚੰਗਾ ਮੌਕਾ ਹੈ।

ਸ਼ਰਤ ਇਹ ਹੈ ਕਿ ਭਾਰਤ ਸਰਕਾਰ ਇਸ 'ਤੇ ਡਿਊਟੀ ਅਤੇ ਜੈਨੇਟਿਕਲੀ ਮੋਡੀਫਾਈਡ ਫਸਲਾਂ 'ਤੇ ਲੱਗੀ ਪਾਬੰਦੀ ਖਤਮ ਕਰ ਦੇਵੇ। ਇਸ ਸਾਲ ਭਾਰਤ ਅਤੇ ਅਮਰੀਕਾ ਦਰਮਿਆਨ ਵਪਾਰ ਸਮਝੌਤਾ ਕਰਨ ਲਈ ਉੱਚ ਪੱਧਰੀ ਗੱਲਬਾਤ ਵੀ ਹੋ ਚੁੱਕੀ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਜਵਾਬੀ ਟੈਰਿਫ ਦੇ ਐਲਾਨ ਨੂੰ 90 ਦਿਨ ਲਈ ਰੋਕਿਆ ਸੀ। ਇਹ ਮਿਆਦ 9 ਜੁਲਾਈ ਨੂੰ ਪੂਰੀ ਹੋ ਰਹੀ ਹੈ।

ਹੁਣ ਇਸ ਰੌਸ਼ਨੀ 'ਚ ਤੁਸੀਂ ਨੀਤੀ ਆਯੋਗ ਦੇ ਪੇਪਰ ਨੂੰ ਦੇਖੋ। ਪਹਿਲੇ 23 ਪੰਨਿਆਂ ਤੱਕ ਬੜੇ ਪ੍ਰੋਫੈਸ਼ਨਲ ਅੰਦਾਜ਼ 'ਚ ਭਾਰਤ ਦੀ ਖੇਤੀ ਬਰਾਮਦ ਦੀ ਦਸ਼ਾ ਅਤੇ ਦਿਸ਼ਾ ਦਾ ਮੁਲਾਂਕਣ ਕੀਤਾ ਗਿਆ ਹੈ। ਭਵਿੱਖ ਦੀਆਂ ਚੁਣੌਤੀਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ, ਪਰ ਫਿਰ ਲੱਗਦਾ ਹੈ ਕਿ ਜਿਵੇਂ ਰਿਪੋਰਟ ਲਿਖਦੇ-ਲਿਖਦੇ ਕਿਤੋਂ ਫੋਨ ਆ ਗਿਆ ਹੋਵੇ।

ਖੇਤੀ ਦਰਾਮਦ ਨੂੰ ਇਕ ਪੰਨੇ 'ਚੋਂ ਨਿਪਟਾ ਕੇ ਲੇਖਕ ਸਿੱਟਾ ਅਤੇ ਸੁਝਾਅ 'ਤੇ ਉਤਰ ਆਉਂਦੇ ਹਨ। ਸ਼ੁਰੂ ਦੇ ਮੁਲਾਂਕਣ ਦਾ ਸਿੱਟੇ ਨਾਲ ਕੋਈ ਸੰਬੰਧ ਨਹੀਂ। ਵਿਸ਼ਲੇਸ਼ਣ ਹੈ ਬਰਾਮਦ ਦਾ, ਸਿਫਾਰਿਸ਼ ਹੈ ਦਰਾਮਦ ਬਾਰੇ। ਨੀਤੀ ਆਯੋਗ ਦਾ ਕੰਮ ਹੈ ਭਾਰਤ ਦੇ ਹਿੱਤਾਂ ਦੀ ਰਾਖੀ ਕਰਨਾ ਪਰ ਇਹ ਪੇਪਰ ਅਮਰੀਕਾ ਦੀ ਵਕਾਲਤ ਕਰਦਾ ਨਜ਼ਰ ਆਉਂਦਾ ਹੈ।

ਕੁੱਲ ਮਿਲਾ ਕੇ ਨੀਤੀ ਆਯੋਗ ਮਜਬੂਰੀ ਦੀ ਦਲੀਲ ਪੇਸ਼ ਕਰਦਾ ਹੈ। ਕਿਉਂਕਿ ਅਮਰੀਕਾ ਭਾਰਤ ਦੇ ਖੁਰਾਕ ਉਤਪਾਦਨ ਲਈ ਇਕ ਵੱਡਾ ਬਾਜ਼ਾਰ ਹੈ, ਇਸ ਲਈ ਸਾਨੂੰ ਅਮਰੀਕਾ 'ਚ ਬਰਾਮਦ ਕਰਨ ਲਈ ਢੁੱਕਵਾਂ ਮਾਹੌਲ ਬਣਾਈ ਰੱਖਣ ਦੀ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ।

ਹਾਲਾਂਕਿ ਇਸ ਰਿਪੋਰਟ ਦੇ ਅੰਕੜੇ ਇਸ ਮਜਬੂਰੀ ਦੀ ਪੁਸ਼ਟੀ ਨਹੀਂ ਕਰਦੇ ਪਰ ਭਾਰਤ ਦੀ ਕੁੱਲ ਖੇਤੀਬਾੜੀ ਬਰਾਮਦ ਦਾ 10 ਫੀਸਦੀ ਹਿੱਸਾ ਵੀ ਅਮਰੀਕਾ ਨਹੀਂ ਖਰੀਦਦਾ ਜਦੋਂ ਕਿ ਗੈਰ-ਖੇਤੀਬਾੜੀ ਵਸਤਾਂ ਦੀ ਬਰਾਮਦ ਦਾ 18 ਫੀਸਦੀ ਹਿੱਸਾ ਅਮਰੀਕਾ ਖਰੀਦਦਾ ਹੈ। ਇਸ ਖੋਟੀ ਦਲੀਲ ਦੇ ਆਧਾਰ 'ਤੇ ਇਹ ਪੇਪਰ ਸਿਫਾਰਿਸ਼ ਕਰਦਾ ਹੈ ਕਿ ਭਾਰਤ ਸਰਕਾਰ ਅਮਰੀਕੀ ਸੋਇਆਬੀਨ ਅਤੇ ਮੱਕਾ ਦੀ ਦਰਾਮਦ ਨੂੰ ਰਿਆਇਤ ਦੇਵੇ।

ਅਜਿਹੀ ਹਾਲਤ 'ਚ ਜੀ. ਐੱਮ. ਵਾਲੀ ਰੁਕਾਵਟ ਦਾ ਕੀ ਕਹੀਏ। ਨੀਤੀ ਆਯੋਗ ਦਾ ਪੇਪਰ ਉਸ ਤੋਂ ਪਾਰ ਜਾਣ ਦੀ ਜੁਗਤ ਦੱਸਦਾ ਹੈ। ਸੋਇਆਬੀਨ ਦੀ ਦਰਾਮਦ ਕਰਨ ਦੀ ਬਜਾਏ ਉਸ ਦੇ ਤੇਲ ਦੀ ਦਰਾਮਦ ਕੀਤੀ ਜਾਵੇ। ਜਾਂ ਫਿਰ ਸੋਇਆਬੀਨ ਦੀ ਦਰਾਮਦ ਕਰ ਕੇ ਉਸ ਦੀ ਵਰਤੋਂ ਸਿਰਫ ਤੇਲ ਕੱਢਣ ਲਈ ਕੀਤੀ ਜਾਵੇ। ਇਸੇ ਤਰ੍ਹਾਂ ਅਮਰੀਕਾ ਦੀ ਸਸਤੀ ਮੱਕੇ ਦੀ ਦਰਾਮਦ ਕੀਤੀ ਜਾਵੇ ਪਰ ਉਸ ਦੀ ਵਰਤੋਂ ਬਾਇਓਫਿਊਲ ਲਈ ਕੀਤੀ ਜਾਵੇ।

ਅਮਰੀਕੀ ਸੇਬ, ਬਾਦਾਮ ਅਤੇ ਪਿਸਤਾ ਵਰਗੀ ਬਰਾਮਦ 'ਚ ਜੀ. ਐੱਮ. ਦੀ ਰੁਕਾਵਟ ਨਹੀਂ ਹੈ।



ਅਮਰੀਕਾ ਦੇ ਕਹਿਣ ਮੁਤਾਬਕ ਦਰਾਮਦ ਡਿਊਟੀ ਨੂੰ ਘਟਾ ਦਿੱਤਾ ਜਾਵੇ। ਚੌਲ ਅਤੇ ਕਾਲੀ ਮਿਰਚ 'ਚ ਦਰਾਮਦ ਡਿਊਟੀ ਨੂੰ ਘਟਾਉਣ ਨਾਲ ਕੋਈ ਫਰਕ ਨਹੀਂ ਪਵੇਗਾ ਅਮਰੀਕਾ ਵੀ ਖੁਸ਼ ਹੋ ਜਾਵੇਗਾ, ਸਾਡਾ ਕੋਈ ਨੁਕਸਾਨ ਵੀ ਨਹੀਂ ਹੋਵੇਗਾ। ਸਪੱਸ਼ਟ ਹੈ ਕਿ ਇਹ ਸਿਰਫ ਸੁਝਾਅ ਨਹੀਂ, ਸਰਕਾਰੀ ਨੀਤੀ 'ਚ ਤਬਦੀਲੀ ਦੀ ਆਹਟ ਹੈ। ਇਸੇ 30 ਜੂਨ ਨੂੰ ਭਾਰਤ ਸਰਕਾਰ ਸੋਇਆਬੀਨ ਅਤੇ ਹੋਰ ਖਾਣ ਵਾਲੇ ਤੇਲਾਂ 'ਤੇ ਦਰਾਮਦ ਡਿਊਟੀ 20 ਤੋਂ ਘਟਾ ਕੇ 10 ਫੀਸਦੀ ਕਰ ਚੁੱਕੀ ਹੈ। ਇਹ ਰਿਪੋਰਟ ਹੁਣ ਉਸ ਨੂੰ ਘਟਾ ਕੇ ਜ਼ੀਰੋ ਕਰਨ ਦੀ ਭੂਮਿਕਾ ਬਣ ਰਹੀ ਹੈ।

ਨੀਤੀ ਆਯੋਗ ਦੇ ਮਾਹਿਰ ਇਕ ਸਵਾਲ ਨਹੀਂ ਪੁੱਛਦੇ - ਖੇਤੀਬਾੜੀ ਬਾਜ਼ਾਰ ਅਮਰੀਕੀ ਬਰਾਮਦ ਲਈ ਖੋਲ੍ਹ ਦੇਣ ਦਾ ਭਾਰਤ ਦੇ ਕਿਸਾਨਾਂ 'ਤੇ ਕੀ ਅਸਰ ਪਵੇਗਾ।

ਸੋਇਆਬੀਨ ਦੀ ਦਰਾਮਦ ਕਰਨ ਤੋਂ ਪਹਿਲਾਂ ਹੀ ਝਟਕਾ ਖਾ ਚੁੱਕੇ ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਵਰਗੇ ਸੂਬਿਆਂ ਵਿੱਚ ਸੋਇਆਬੀਨ ਕਿਸਾਨ ਨੂੰ ਆਪਣੀ ਫ਼ਸਲ ਦਾ ਮੁੱਲ ਕਿਵੇਂ ਮਿਲੇਗਾ? ਪੰਜਾਬ ਤੋਂ ਲੈ ਕੇ ਬੰਗਾਲ ਤੱਕ ਫੈਲੇ ਮੱਕੇ ਦੀ ਕੀਮਤ ਡਿੱਗਣ ਨਾਲ ਕਿਸਾਨਾਂ ਨੂੰ ਕਿਵੇਂ ਬਚਾਇਆ ਜਾਵੇਗਾ? ਜੇ ਜੀ. ਐੱਮ. ਸੋਇਆਬੀਨ ਅਤੇ ਮੱਕਾ ਕਿਸੇ ਵੀ ਬਹਾਨੇ ਦੇਸ਼ ਵਿੱਚ ਆਏ ਤਾਂ ਕੀ ਉਸ ਨੂੰ ਭਾਰਤੀ ਖੇਤੀਬਾੜੀ ਵਿੱਚ ਫੈਲਾਉਣ ਤੋਂ ਰੋਕਿਆ ਜਾ ਸਕੇਗਾ?

ਅਮਰੀਕਾ ਲਈ ਡਿਊਟੀ ਘਟਾਉਣ ਨਾਲ ਕੁਝ ਫ਼ਸਲਾਂ 'ਤੇ ਅਸਰ ਨਹੀਂ ਹੋਵੇਗਾ। ਕੀ ਇਸ ਦਾ ਅਸਰ ਉਨ੍ਹਾਂ ਫ਼ਸਲਾਂ ਦੇ ਹੋਰਨਾਂ ਦੇਸ਼ਾਂ ਨਾਲ ਹੋ ਰਹੇ ਸਮਝੌਤਿਆਂ 'ਤੇ ਨਹੀਂ ਪਵੇਗਾ? ਦੁੱਧ, ਦੁੱਧ ਤੋਂ ਬਣੀਆਂ ਵਸਤਾਂ ਅਤੇ ਮੁਰਗੇ ਨੂੰ ਇਸ ਵਪਾਰ ਦੀ ਮਾਰ ਤੋਂ ਕਿਵੇਂ ਬਚਾਇਆ ਜਾ ਸਕੇਗਾ? ਸ਼ਾਇਦ ਇਹ ਚਿੰਤਾ ਨੀਤੀ ਆਯੋਗ ਦੀ ਸਮਝ ਤੋਂ ਬਾਹਰ ਹੈ। ਇਹ ਸਵਾਲ ਕਿਸਾਨ ਅੰਦੋਲਨ ਨੂੰ ਪੁੱਛਣਾ ਹੋਵੇਗਾ।

ਦੱਸਣਯੋਗ ਹੈ ਕਿ ਜਦੋਂ-ਜਦੋਂ ਰਾਸ਼ਟਰਪਤੀ ਟਰੰਪ ਨੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਜੰਗ ਰੁਕਵਾਉਣ ਦਾ ਦਾਅਵਾ ਕੀਤਾ ਹੈ, ਉਦੋਂ-ਉਦੋਂ ਜੰਗ ਦੇ ਬਦਲੇ ਵਿੱਚ 'ਟ੍ਰੇਡ ਡੀਲ' ਦਾ ਜ਼ਿਕਰ ਕੀਤਾ ਹੈ। ਉਂਝ ਟਰੰਪ ਦਾ ਸੱਚ ਬੋਲਣ ਨਾਲ ਕੋਈ ਰਿਸ਼ਤਾ ਨਹੀਂ, ਪਰ ਅਮਰੀਕਾ ਅਤੇ ਭਾਰਤ ਦੀ ਟ੍ਰੇਡ ਡੀਲ ਪਿੱਛੇ ਕਿਤੇ ਕੋਈ ਡੂੰਘੀ ਜੁਗਲਬੰਦੀ ਤਾਂ ਨਹੀਂ ਹੈ।

# ਕਮਾਦ ਦੀ ਸਫ਼ਲ ਕਾਸ਼ਤ ਲਈ ਜ਼ਰੂਰੀ ਨੁਕਤੇ

ਕਿਸਾਨ ਦੀ ਆਰਥਿਕਤਾ ਵਿੱਚ ਸੁਧਾਰ ਕਰਨ ਵਿੱਚ ਕਮਾਦ ਦੀ ਫ਼ਸਲ ਵੱਡਾ ਯੋਗਦਾਨ ਪਾਉਂਦੀ ਹੈ ਅਤੇ ਕਮਾਦ ਨੂੰ ਮੁਨਾਫੇ ਯੋਗ ਬਣਾਉਣ ਲਈ ਇਸ ਦੀ ਵਿਗਿਆਨਕ ਖੇਤੀ ਦੀ ਬਹੁਤ ਮਹੱਤਤਾ ਹੈ।

**ਖਾਦ ਪ੍ਰਬੰਧ** : ਫਰਵਰੀ-ਮਾਰਚ ਵਿੱਚ ਬੀਜੇ ਕਮਾਦ ਨੂੰ ਅੱਧੀ ਯੂਰੀਆ ਖਾਦ ਪਹਿਲੇ ਪਾਣੀ ਨਾਲ ਪਾ ਦਿੱਤੀ ਹੋਵੇਗੀ ਅਤੇ ਬਾਕੀ ਰਹਿੰਦੀ ਅੱਧੀ ਖਾਦ 65 ਕਿਲੋ ਯੂਰੀਆ ਪ੍ਰਤੀ ਏਕੜ ਨੂੰ ਜੂਨ ਮਹੀਨੇ ਵਿੱਚ ਕਮਾਦ ਦੀਆਂ ਕਤਾਰਾਂ ਦੇ ਨਾਲ ਪਾਓ।

**ਲੋਹੇ ਦੀ ਘਾਟ** : ਰੇਤਲੀਆਂ ਜ਼ਮੀਨਾਂ ਵਿੱਚ ਲੋਹੇ ਦੀ ਘਾਟ ਆ ਜਾਂਦੀ ਹੈ, ਜੋ ਕਿ ਪਹਿਲਾਂ ਨਵੇਂ ਪੱਤਿਆਂ ਵਿੱਚ ਹਰੀਆਂ ਨਾੜਾਂ ਵਿਚਕਾਰ ਪੀਲੀਆਂ ਧਾਰੀਆਂ ਦੇ ਰੂਪ ਵਿੱਚ ਆਉਂਦੀ ਹੈ। ਘਾਟ ਦੇ ਲੱਛਣ ਆਉਣ 'ਤੇ 1 ਪ੍ਰਤੀਸ਼ਤ ਫੈਰਸ ਸਲਫੇਟ 2-3 ਛਿੜਕਾਅ (1 ਕਿਲੋ ਫੈਰਸ ਸਲਫੇਟ 100 ਲੀਟਰ ਪਾਣੀ ਵਿੱਚ) ਹਫਤੇ-ਹਫਤੇ ਦੇ ਫਰਕ 'ਤੇ ਕਰੋ।

**ਫ਼ਸਲਾਂ ਦੀ ਰਹਿੰਦ-ਖੂੰਹਦ ਨਾਲ ਮਲਚਿੰਗ** : ਕਮਾਦ ਵਿਚਲੀਆਂ ਕਤਾਰਾਂ ਨੂੰ ਝੋਨੇ ਦੀ ਪਰਾਲੀ ਜਾਂ ਕਮਾਦ ਦੀ ਖੋਰੀ ਨਾਲ ਢੱਕ ਦਿਉ। ਇਸ ਨਾਲ ਨਦੀਨ ਘੱਟ ਉਗਣਗੇ, ਜ਼ਮੀਨ ਵਿਚਲੀ ਨਮੀਂ ਦੀ ਸੰਭਾਲ ਹੁੰਦੀ ਹੈ ਅਤੇ ਆਗ ਦਾ ਗੜੂੰਆਂ ਵੀ ਘੱਟ ਨੁਕਸਾਨ ਕਰਦਾ ਹੈ।

**ਨਦੀਨਾਂ ਦਾ ਪ੍ਰਬੰਧ** : ਜੇਕਰ ਖੇਤ ਵਿੱਚ ਘਾਹ-ਫੂਸ ਜਾਂ ਪਰਾਲੀ ਦੀ ਮਲਚਿੰਗ ਨਹੀਂ ਕੀਤੀ ਹੈ ਤਾਂ 2-3 ਗੋਡੀਆਂ ਤ੍ਰਿਫਾਲੀ ਜਾਂ ਟਰੈਕਟਰ ਨਾਲ ਚੱਲਣ ਵਾਲੇ ਟਿੱਲਰ ਜਾਂ ਰੋਟਰੀ ਵੀਡਰ ਨਾਲ ਕਰੋ। ਕਾਸ਼ਤਕਾਰੀ ਢੰਗਾਂ ਤੋਂ ਇਲਾਵਾ ਰਸਾਇਣਾਂ ਨਾਲ ਵੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਕਮਾਦ ਵਿੱਚ ਮੌਸਮੀ ਘਾਹ, ਮੋਥੇ ਅਤੇ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਰੋਕਥਾਮ ਲਈ ਪ੍ਰਤੀ ਏਕੜ 1200 ਗ੍ਰਾਮ ਟ੍ਰਿਕੇਲ/ਤ੍ਰਿਸ਼ੂਕ (2,4-ਡੀ ਸੋਡੀਅਮ ਸਾਲਟ 44% + ਮੈਟ੍ਰੀਬਿਊਜ਼ਿਨ 35% + ਪਾਈਰਾਜ਼ੋ ਸਲਫਿਊਰਾਨ ਈਥਾਈਲ 1.0%) ਡਬਲਯੂ. ਡੀ. ਜੀ. ਜਾਂ 1000 ਸਿੰਡਿਕਾ (2,4-ਡੀ ਸੋਡੀਅਮ ਸਾਲਟ 48% + ਮੈਟ੍ਰੀਬਿਊਜ਼ਿਨ 32% + ਕਲੋਰੀਮਿਊਰੋਨ ਈਥਾਈਲ 0.8%) ਡਬਲਯੂ. ਡੀ. ਜੀ. ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ, ਜਦੋਂ ਨਦੀਨ 3-5 ਪੱਤਿਆਂ ਦੀ ਅਵਸਥਾ ਵਿੱਚ ਹੋਣ, ਤਾਂ ਛਿੜਕਾਅ ਕਰੋ। ਡੀਲੇ ਦੀ ਰੋਕਥਾਮ ਲਈ ਖੜ੍ਹੀ ਫ਼ਸਲ ਵਿੱਚ 800 ਗ੍ਰਾਮ ਪ੍ਰਤੀ ਏਕੜ 2,4-ਡੀ ਸੋਡੀਅਮ ਸਾਲਟ 80 ਡਬਲਯੂ. ਪੀ. ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਲਪੇਟਾ ਵੇਲ ਅਤੇ ਹੋਰ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਲਈ 800 ਗ੍ਰਾਮ 2,4-ਡੀ ਸੋਡੀਅਮ ਸਾਲਟ 80 ਡਬਲਯੂ. ਪੀ. ਜਾਂ 400 ਮਿਲੀਲੀਟਰ 2,4-ਡੀ ਅਮਾਈਨ ਸਾਲਟ 58 ਐੱਸ. ਐੱਲ. ਦਾ ਛਿੜਕਾਅ ਕਰੋ।



ਜੇਕਰ ਕਮਾਦ ਵਿੱਚ ਕਿਸੇ ਵੀ ਅੰਤਰ-ਫ਼ਸਲ ਦੀ ਕਾਸ਼ਤ ਕੀਤੀ ਗਈ ਹੈ, ਤਾਂ ਉਪਰੋਕਤ ਨਦੀਨ-ਨਾਸ਼ਕਾਂ ਦੀ ਵਰਤੋਂ ਨਾ ਕੀਤੀ ਜਾਵੇ। ਨਰਮੇ ਦੀ ਕਾਸ਼ਤ ਵਾਲੇ ਇਲਾਕਿਆਂ ਵਿੱਚ 2,4-ਡੀ ਦੀ ਵਰਤੋਂ ਤੋਂ ਗੁਰੇਜ਼ ਕੀਤਾ ਜਾਵੇ।

**ਪਾਣੀ ਪ੍ਰਬੰਧ** : ਜੂਨ ਵਿੱਚ ਮੌਸਮ ਗਰਮ ਅਤੇ ਖੁਸ਼ਕ ਹੋਣ ਕਾਰਨ 7-10 ਦਿਨਾਂ ਦੇ ਵਕਫੇ 'ਤੇ ਪਾਣੀ ਲਾਉਂਦੇ ਰਹੋ। ਬਾਰਿਸ਼ਾਂ ਦੇ ਦਿਨਾਂ ਵਿੱਚ ਲੋੜ ਅਨੁਸਾਰ ਹੀ ਸਿੰਚਾਈ ਕਰੋ। ਬਾਰਿਸ਼ਾਂ ਦੌਰਾਨ ਵਾਧੂ ਪਾਣੀ ਖੇਤ ਵਿੱਚੋਂ ਕੱਢਣ ਦਾ ਪ੍ਰਬੰਧ ਜ਼ਰੂਰ ਕਰੋ।

**ਕਮਾਦ ਨੂੰ ਡਿੱਗਣ ਤੋਂ ਬਚਾਉਣ ਲਈ** : ਕਮਾਦ ਨੂੰ ਮੌਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਮਿੱਟੀ ਚੜ੍ਹਾਉ। ਕਮਾਦ ਡਿੱਗਣ ਨਾਲ ਜਿੱਥੇ ਚੂਹੇ ਦਾ ਹਮਲਾ ਵੱਧ ਜਾਂਦਾ ਹੈ, ਉੱਥੇ ਝਾੜ ਅਤੇ ਖੰਡ ਦੀ ਰਿਕਵਰੀ ਵਿੱਚ ਵੀ ਕਾਫ਼ੀ ਗਿਰਾਵਟ ਆਉਂਦੀ ਹੈ। ਅਗਸਤ ਦੇ ਅਖੀਰ ਜਾਂ ਸਤੰਬਰ ਦੇ ਸ਼ੁਰੂ ਵਿੱਚ ਫ਼ਸਲ ਦੇ ਮੂਏ ਬੰਨ੍ਹ ਦਿਉ।

**ਪ੍ਰਦੀਪ ਗੋਇਲ, ਜਸ਼ਨਜੋਤ ਕੌਰ ਅਤੇ ਕੁਲਦੀਪ ਸਿੰਘ, ਖੇਤਰੀ ਖੋਜ ਕੇਂਦਰ, ਫਰੀਦਕੋਟ (ਮੋ. 95011-16278)**

### ਭਾਰਤੀ ਅਰਥਵਿਵਸਥਾ 'ਚ ਸਦੀਆਂ ਤੋਂ ਰਿਹਾ ਹੈ

# ਮੱਛੀ ਪਾਲਣ ਦਾ ਯੋਗਦਾਨ



ਸਾਡੇ ਦੇਸ਼ ਦੀ ਆਬਾਦੀ ਦੇ ਲਗਭਗ 60 ਫੀਸਦੀ ਲੋਕਾਂ ਦੇ ਭੋਜਨ ਦਾ ਇਕ ਪ੍ਰਮੁੱਖ ਹਿੱਸਾ ਹੈ ਮੱਛੀ। ਨਾਲ ਹੀ ਮੱਛੀ ਪਾਲਣ ਸਾਡੀ ਅਰਥਵਿਵਸਥਾ 'ਚ ਇਕ ਮਹੱਤਵਪੂਰਨ ਭੂਮਿਕਾ ਵੀ ਨਿਭਾਉਂਦਾ ਹੈ ਅਤੇ ਲੱਖਾਂ ਮਛੇਰਿਆਂ ਨੂੰ ਰੋਜ਼ੀ ਪ੍ਰਦਾਨ ਕਰਦਾ ਹੈ। ਮੱਛੀ ਨੂੰ ਸੰਸਕ੍ਰਿਤ 'ਚ ਮਤਸਯ ਕਿਹਾ ਜਾਂਦਾ ਹੈ ਅਤੇ ਇਸੇ ਨਾਮ ਨਾਲ ਪੂਰੇ ਦੇਸ਼ 'ਚ ਮਤਸਯ ਪਾਲਣ ਵਿਭਾਗ ਜਾਂ ਮੰਤਰਾਲਾ ਕਿਹਾ ਜਾਂਦਾ ਹੈ। ਸਦੀਆਂ ਪਹਿਲਾਂ ਮਤਸਯ ਸਾਮਰਾਜ ਵੀ ਹੋਇਆ ਕਰਦਾ ਸੀ ਜਿਸ ਦੀ ਰਾਜਧਾਨੀ ਵਿਰਾਟ ਨਗਰ ਹੁੰਦੀ ਸੀ ਜੋ ਅਜ ਦਾ ਬੈਰਾਟ ਹੈ। ਦੁਨੀਆਂ ਭਰ 'ਚ ਸਾਰੇ ਮਛੇਰਿਆਂ, ਮੱਛੀ ਪਾਲਕਾਂ ਅਤੇ ਸਬੰਧਤ ਹਿੱਤਧਾਰਕਾਂ ਨਾਲ ਇਕ ਜੁੱਟਤਾ ਦਿਖਾਉਣ ਲਈ ਹਰ ਸਾਲ 21 ਨਵੰਬਰ ਨੂੰ ਵਿਸ਼ਵ ਮਤਸਯ ਦਿਵਸ ਮਨਾਇਆ ਜਾਂਦਾ ਹੈ।

ਭਾਰਤ ਦੁਨੀਆਂ ਦਾ ਤੀਜਾ ਸਭ ਤੋਂ ਵੱਡਾ ਮੱਛੀ ਉਤਪਾਦਕ ਅਤੇ ਦੂਜਾ ਸਭ ਤੋਂ ਵੱਡਾ ਪਾਣੀ ਵਾਲੀ ਖੇਤੀ ਉਤਪਾਦਕ ਦੇਸ਼ ਹੈ। ਭਾਰਤ ਦੁਨੀਆਂ 'ਚ ਮੱਛੀਆਂ ਦਾ ਚੌਥਾ ਸਭ ਤੋਂ ਵੱਡਾ ਬਰਾਮਦਕਾਰ ਹੈ ਕਿਉਂਕਿ ਭਾਰਤ ਵੱਲੋਂ ਵਿਸ਼ਵ ਮੱਛੀ ਉਤਪਾਦਨ 'ਚ 7.7 ਫੀਸਦੀ ਦਾ ਯੋਗਦਾਨ ਦਿੱਤਾ ਜਾਂਦਾ ਹੈ।

ਭਾਰਤ ਦੀ ਨੀਲੀ ਕ੍ਰਾਂਤੀ ਨੇ ਮੱਛੀ ਪਾਲਣ ਅਤੇ ਜਲ ਖੇਤੀ ਖੇਤਰ ਦੇ ਮਹੱਤਵ ਨੂੰ ਦਰਸਾਇਆ ਹੈ। ਭਾਰਤ 'ਚ 877 ਦੇਸੀ ਮਿੱਠੇ ਪਾਣੀ ਦੀਆਂ ਮੱਛੀ ਪ੍ਰਜਾਤੀਆਂ 'ਚੋਂ ਲਗਭਗ 450 ਛੋਟੀ ਸਵਦੇਸ਼ੀ ਮੱਛੀ ਦੀਆਂ ਪ੍ਰਜਾਤੀਆਂ ਹਨ। ਨਦੀਆਂ ਦੀ ਥਾਂ ਸਮੁੰਦਰਾਂ 'ਚ ਭਾਰੀ ਮਾਤਰਾ 'ਚ ਮੱਛੀ ਉਤਪਾਦਨ ਕੀਤਾ ਜਾਂਦਾ ਹੈ।

ਆਂਧਰਾ ਪ੍ਰਦੇਸ਼ 'ਚ ਸਭ ਤੋਂ ਵੱਧ 34.50 ਲੱਖ ਟਨ ਅੰਤਰਦੇਸ਼ੀ ਮੱਛੀ ਦਾ ਉਤਪਾਦਨ ਕੀਤਾ ਜਾਂਦਾ ਹੈ ਜਦਕਿ ਗੁਜਰਾਤ ਦੇਸ਼ 'ਚ ਸਮੁੰਦਰੀ ਮੱਛੀ ਦਾ ਸਭ ਤੋਂ ਵੱਡਾ (7.01 ਲੱਖ ਟਨ) ਉਤਪਾਦਕ ਸੂਬਾ ਹੈ। ਮਹਾਰਾਸ਼ਟਰ ਸੂਬਾ ਦੇਸ਼ ਦੇ ਮੱਛੀ ਉਤਪਾਦਨ 'ਚ ਲਗਭਗ 5 ਫੀਸਦੀ ਹਿੱਸੇਦਾਰੀ ਨਾਲ 7ਵੇਂ ਸਥਾਨ 'ਤੇ ਹੈ ਅਤੇ ਅਜੇ ਤੱਕ ਇਸ ਦੀ ਪੂਰੀ ਸਮਰੱਥਾ ਦਾ ਪਤਾ ਲਾਉਣਾ ਬਾਕੀ ਹੈ। ਮੱਛੀ ਨੂੰ ਗੋਆ ਦੀ 90 ਫੀਸਦੀ ਤੋਂ ਵੱਧ ਆਬਾਦੀ ਲਈ ਇਕ ਮੁੱਖ ਆਹਾਰ ਮੰਨਿਆ ਜਾਂਦਾ ਹੈ।

ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਗੋਆ 'ਚ ਮੱਛੀ ਦੀ ਸਾਲਾਨਾ ਔਸਤ ਪ੍ਰਤੀ ਵਿਅਕਤੀ ਖਪਤ 15-17 ਕਿ. ਗ੍ਰਾਮ ਹੈ। ਸਮੁੰਦਰੀ ਮੱਛੀ ਖੇਤਰ ਗੋਆ 'ਚ ਵੱਡੀ ਗਿਣਤੀ 'ਚ ਲੋਕਾਂ ਨੂੰ ਰੋਜ਼ੀ ਦੀ ਪ੍ਰਦਾਨ ਕਰਦਾ ਹੈ। ਕੇਰਲ 'ਚ 590 ਕਿਲੋਮੀਟਰ ਦੀ ਵਿਸ਼ਾਲ ਤਟਰੇਖਾ ਹੈ। ਦੇਸ਼ 'ਚ ਮੱਛੀ ਉਤਪਾਦਨ 'ਚ ਕੇਰਲ ਦਾ ਅਹਿਮ ਯੋਗਦਾਨ ਹੈ। ਕੇਰਲ, ਸਮੁੰਦਰੀ ਮੱਛੀ ਪਾਲਣ ਤੋਂ ਇਲਾਵਾ ਅੰਤਰਦੇਸ਼ੀ ਮੱਛੀ ਫੜਨ ਦੀਆਂ ਸਰਗਰਮੀਆਂ ਲਈ ਵੀ ਹਰਮਨ-ਪਿਆਰਾ ਹੈ।

ਦੇਸ਼ ਭਰ ਦੇ ਮਛੇਰਿਆਂ ਦੀ ਰੋਜ਼ੀ 'ਚ ਸੁਧਾਰ ਲਈ ਉਨ੍ਹਾਂ ਦੀ ਸਹਾਇਤਾ ਕਰਨ ਦੀ ਉੱਚ ਮੰਗ ਕਾਰਨ, ਪ੍ਰਧਾਨ ਮੰਤਰੀ ਨੇ ਮੱਛੀ ਪਾਲਣ ਲਈ ਵੱਖਰੇ ਵਿਭਾਗ ਦੀ ਸਥਾਪਨਾ ਕੀਤੀ ਸੀ। ਆਜ਼ਾਦੀ ਪਿੱਛੋਂ 2014 ਤੱਕ ਮੱਛੀ ਪਾਲਣ ਖੇਤਰ 'ਚ ਨਿਵੇਸ਼ ਲਗਭਗ 3,681 ਕਰੋੜ ਰੁਪਏ ਸੀ। 2014 'ਚ ਕੇਂਦਰ ਸਰਕਾਰ ਨੇ ਮੱਛੀ ਪਾਲਣ ਖੇਤਰ 'ਚ ਜ਼ਮੀਨੀ ਹਕੀਕਤ ਨੂੰ ਸਮਝ ਕੇ ਲਗਭਗ 32,000 ਕਰੋੜ ਰੁਪਏ ਦੀਆਂ ਯੋਜਨਾਵਾਂ ਬਣਾਈਆਂ ਹਨ।

ਮੱਛੀ ਪਾਲਣ, ਪਸ਼ੂ ਪਾਲਣ ਅਤੇ ਡੇਅਰੀ ਮੰਤਰਾਲਾ ਦੇ ਮੱਛੀ ਪਾਲਣ ਵਿਭਾਗ ਨੇ ਮਾਰਚ 2022 'ਚ ਸਾਗਰਮਾਲਾ ਯੋਜਨਾ ਦੇ ਤਹਿਤ ਬੰਦਰਗਾਹ ਸ਼ਿਪਿੰਗ ਅਤੇ ਜਲਮਾਰਗ ਮੰਤਰਾਲਾ ਨਾਲ ਕਲਵਰਜੈਂਸ 'ਚ ਪ੍ਰਧਾਨ ਮੰਤਰੀ ਮੱਛੀ ਸੰਪਦਾ ਯੋਜਨਾ (ਪੀ. ਐਮ ਐਮ ਐਸ ਵਾਈ) ਦੇ ਤਹਿਤ ਥੋਪੁਮਪੜੀ 'ਚ ਕੋਚੀਨ ਫਿਸ਼ਿੰਗ ਹਾਰਬਰ ਦੇ ਆਧੁਨਿਕੀਕਰਨ ਅਤੇ ਅਪਗ੍ਰੇਡ ਲਈ ਕੋਚੀਨ ਪੋਰਟ ਟਰੱਸਟ ਦੇ ਮਤੇ ਨੂੰ ਮਨਜ਼ੂਰੀ ਦਿੱਤੀ ਸੀ। ਕੁਲ 169.17 ਕਰੋੜ ਰੁਪਏ ਦੀ ਪ੍ਰਜੈਕਟ ਲਈ 100 ਕਰੋੜ ਰੁਪਏ ਦੀ ਕੇਂਦਰੀ ਸਹਾਇਤਾ ਪ੍ਰਦਾਨ ਕੀਤੀ ਸੀ।

ਇਸ ਪ੍ਰਜੈਕਟ ਦਾ ਲਾਭ ਕੋਚੀਨ ਬੰਦਰਗਾਹ 'ਤੇ 700 ਮੱਛੀ ਫੜਨ ਵਾਲੀਆਂ ਕਿਸ਼ਤੀਆਂ ਦੇ ਮਲਾਹਾਂ ਨੂੰ ਹੋਵੇਗਾ, ਇਨ੍ਹਾਂ ਕਿਸ਼ਤੀਆਂ ਨਾਲ ਲਗਭਗ 10000 ਮਛੇਰਿਆਂ ਨੂੰ ਸਿੱਧੇ ਤੌਰ 'ਤੇ ਰੁਜ਼ਗਾਰ ਮਿਲੇਗਾ ਅਤੇ ਲਗਭਗ 30,000 ਮਛੇਰਿਆਂ ਨੂੰ ਅਸਿੱਧੇ ਤੌਰ 'ਤੇ ਰੋਜ਼ੀ-ਰੋਟੀ ਕਮਾਉਣ 'ਚ ਸਹਾਇਤਾ ਮਿਲੇਗੀ। ਆਧੁਨਿਕੀਕਰਨ ਪ੍ਰਜੈਕਟ ਨਾਲ ਇਸ ਇਲਾਕੇ 'ਚ ਸਵੱਛਤਾ ਦੀਆਂ ਸਥਿਤੀਆਂ 'ਚ ਚੋਖਾ ਸੁਧਾਰ ਹੋਵੇਗਾ ਅਤੇ ਮੱਛੀ ਅਤੇ ਮੱਛੀ ਉਤਪਾਦਾਂ ਦੀ ਬਰਾਮਦ ਨਾਲ ਆਮਦਨ 'ਚ ਵਾਧਾ ਹੋਵੇਗਾ।

ਆਧੁਨਿਕੀਕਰਨ ਦੇ ਤਹਿਤ ਸ਼ੁਰੂ ਕੀਤੀਆਂ ਗਈਆਂ ਮੁੱਖ ਸਰਗਰਮੀਆਂ 'ਚ ਏਅਰ ਕੰਡੀਸ਼ਨਡ ਨਿਲਾਮੀ ਹਾਲ, ਮੱਛੀ ਡ੍ਰੈਸਿੰਗ ਇਕਾਈ, ਪੈਕੇਜਿੰਗ ਇਕਾਈ, ਅੰਦਰੂਨੀ ਸੜਕਾਂ, ਲੋਡਿੰਗ ਅਤੇ ਅਨਲੋਡਿੰਗ ਪਲੇਟਫਾਰਮ, ਦਫਤਰ, ਡਾਰਮੀਟਰੀ (ਰਿਹਾਇਸ਼) ਅਤੇ ਫੂਡ ਕੋਰਟ ਦੀ ਸਥਾਪਨਾ ਸ਼ਾਮਲ ਹੈ।

ਫਿਸ਼ ਮੀਲ 'ਚ ਮੱਛੀ ਦੇ ਕਚਰੇ ਦੀ ਵਰਤੋਂ ਕੀਤੇ ਜਾਣ ਨਾਲ ਜਲ-ਪ੍ਰਦੂਸ਼ਣ ਘੱਟ ਹੁੰਦਾ ਹੈ। ਇਹ ਪਸ਼ੂਆਂ 'ਚ ਰੋਗਾਂ ਨਾਲ ਲੜਨ ਦੀ ਸਮਰੱਥਾ ਵਧਾਉਂਦਾ ਹੈ ਅਤੇ ਮੇਮਨਿਆਂ, ਸੂਰਾਂ ਆਦਿ 'ਚ ਮੌਤ ਦਰ ਨੂੰ ਘੱਟ ਕਰਦਾ ਹੈ।

**- ਐੱਸ. ਐੱਨ. ਵਰਮਾ**

# ਬਾਗਾਂ ਵਿਚ ਅੰਤਰ-ਫਸਲਾਂ ਦੀ ਕਾਸ਼ਤ : ਕੁਝ ਜ਼ਰੂਰੀ ਨੁਕਤੇ

ਹਰਜੋਤ ਸਿੰਘ ਸੋਹੀ,
ਸੁਖਜਿੰਦਰ ਸਿੰਘ ਮਾਨ,
ਕ੍ਰਿਸ਼ੀ ਵਿਗਿਆਨ ਕੇਂਦਰ, ਬਰਨਾਲਾ
(ਮੋ. 98154-42559)

ਫਲਦਾਰ ਬੂਟਿਆਂ ਨੂੰ ਵਪਾਰਕ ਫਲ ਆਉਣ ਵਿਚ ਕਈ ਸਾਲ ਲੱਗ ਜਾਂਦੇ ਹਨ। ਇਸ ਲਈ ਮੁੱਢਲੇ ਸਾਲਾਂ ਦੌਰਾਨ ਫਲਦਾਰ ਬੂਟਿਆਂ ਦੇ ਫੈਲਾਓ, ਬਾਗ ਵਿਚ ਬੂਟੇ ਲਗਾਉਣ ਲਈ ਵਰਤੇ ਗਏ ਢੰਗ ਅਤੇ ਬੂਟਿਆਂ ਵਿਚਕਾਰ ਫਾਸਲੇ ਦੇ ਹਿਸਾਬ ਨਾਲ ਮੁੱਢਲੇ ਕੁਝ ਸਾਲਾਂ ਵਿਚ ਤਕਰੀਬਨ 70 ਤੋਂ 80 ਪ੍ਰਤੀਸ਼ਤ ਜ਼ਮੀਨ ਅੰਤਰ-ਫਸਲਾਂ



ਦੀ ਕਾਸ਼ਤ ਲਈ ਵਰਤੀ ਜਾ ਸਕਦੀ ਹੈ। ਅੰਤਰ-ਫਸਲਾਂ ਦੀ ਕਾਸ਼ਤ ਕਰਨ ਦਾ ਮੁੱਖ ਮੰਤਵ ਬਾਗ ਵਿਚ ਖਾਲੀ ਪਈ ਜ਼ਮੀਨ ਦੇ ਹਿੱਸੇ ਵਿੱਚੋਂ ਵਾਧੂ ਆਮਦਨ ਪ੍ਰਾਪਤ ਕਰਨ ਤੋਂ ਇਲਾਵਾ ਕੁਦਰਤੀ ਸਰੋਤਾਂ ਦੀ ਸੁਚੱਜੀ ਵਰਤੋਂ ਅਤੇ ਨਦੀਨਾਂ ਦੀ ਮਿਕਦਾਰ ਨੂੰ ਘਟਾ ਕੇ ਮੁੱਖ ਫਲਦਾਰ ਫਸਲ ਨੂੰ ਬਿਹਤਰ ਬਣਾਉਣਾ ਹੁੰਦਾ ਹੈ। ਅੰਤਰ-ਫਸਲਾਂ ਦੀ ਕਾਸ਼ਤ ਕਰਨ ਨਾਲ ਤੇਜ਼ ਪਾਣੀ ਅਤੇ ਹਵਾ ਦੇ ਵਹਾਅ ਕਰ ਕੇ ਜ਼ਮੀਨ ਦੇ ਖੁਰਾਕੀ ਤੱਤਾਂ ਦੇ ਥੱਲੇ ਜਾਣ ਜਾਂ ਰੁੜ੍ਹ ਜਾਣ ਵਾਲੇ ਨੁਕਸਾਨ ਨੂੰ ਵੀ ਘਟਾਇਆ ਜਾ ਸਕਦਾ ਹੈ। ਖੇਤੀ ਆਮਦਨ ਵਧਾਉਣ ਤੋਂ ਇਲਾਵਾ ਬਾਗਾਂ ਵਿਚ ਅੰਤਰ-ਫਸਲਾਂ ਦੀ ਕਾਸ਼ਤ ਪੌਸ਼ਟਿਕ ਸੁਰੱਖਿਆ ਵਿਚ ਵੀ ਵਾਧਾ ਕਰਦੀ ਹੈ।

**ਅੰਤਰ-ਫਸਲਾਂ ਦੀ ਚੋਣ**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਦਾਲਾਂ ਅਤੇ ਸਬਜ਼ੀਆਂ ਜਿਵੇਂ ਮਟਰ, ਮੂਲੀ, ਗਾਜਰ, ਭਿੰਡੀ, ਬੈਂਗਣ, ਲੋਬੀਆ, ਟਮਾਟਰ, ਮੂਲੀ, ਗੋਭੀ, ਬੰਦਗੋਭੀ, ਰਵਾਂਹ, ਬੀਨ ਦੀਆਂ ਫਲੀਆਂ, ਪੱਤਿਆਂ ਵਾਲੀਆਂ ਸਬਜ਼ੀਆਂ ਜਿਵੇਂ ਘੀਆ ਕੱਦੂ, ਤੋਰੀ, ਪੇਠਾ, ਮਤੀਰਾ, ਖੀਰਾ ਆਦਿ ਦੀ ਕਾਸ਼ਤ ਨਹੀਂ ਕਰਨੀ ਚਾਹੀਦੀ। ਇਸ ਤੋਂ ਇਲਾਵਾ ਜ਼ਿਆਦਾ ਫੈਲਾਓ, ਉੱਚੇ ਕੱਦ ਵਾਲੀਆਂ ਫਸਲਾਂ ਜਿਵੇਂ ਜਵਾਰ, ਚਰੀ, ਨਰਮਾ/ਕਪਾਹ, ਮੱਕੀ, ਗੰਨਾ, ਬਰਸੀਮ ਜਾਂ ਲੂਸਣ, ਬਾਜਰਾ ਆਦਿ ਦੀ ਖੁਰਾਕੀ ਤੱਤਾਂ ਅਤੇ ਪਾਣੀ ਦੀ ਮੰਗ ਬਹੁਤ ਜ਼ਿਆਦਾ ਹੈ। ਇਹ ਫਸਲਾਂ ਜ਼ਮੀਨ ਵਿਚਲੇ ਤੱਤ ਵੱਡੀ ਮਿਕਦਾਰ ਵਿਚ ਖਿੱਚ ਲੈਂਦੀਆਂ ਹਨ ਅਤੇ ਇਹ ਫਲਦਾਰ ਬੂਟਿਆਂ ਨਾਲ ਰੌਸ਼ਨੀ ਲੈਣ ਲਈ ਵੀ ਮੁਕਾਬਲਾ ਕਰਦੀਆਂ ਹਨ। ਇਸ ਲਈ ਇਨ੍ਹਾਂ ਫਸਲਾਂ ਦੀ ਕਾਸ਼ਤ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਅੰਤਰ-ਫਸਲਾਂ ਦੀ ਚੋਣ ਮਿੱਟੀ ਦੀ ਕਿਸਮ, ਪੌਣ-ਪਾਣੀ ਅਤੇ ਮੰਡੀਕਰਨ ਦੀਆਂ ਸਹੂਲਤਾਂ 'ਤੇ ਨਿਰਭਰ ਕਰਦੀ ਹੈ; ਆਮ ਤੌਰ 'ਤੇ ਬਾਗਾਂ ਵਿਚ ਕਾਸ਼ਤ ਕਰਨ ਲਈ ਅੰਤਰ-ਫਸਲਾਂ ਘੱਟ ਉਚਾਈ ਵਾਲੀਆਂ, ਥੋੜ੍ਹੇ ਪਾਣੀ ਦੀ ਮੰਗ ਅਤੇ ਘੱਟ ਸਮੇਂ ਵਿਚ ਪੱਕ ਜਾਣ ਵਾਲੀਆਂ ਹੋਣੀਆਂ ਚਾਹੀਦੀਆਂ ਹਨ। ਅੰਤਰ-ਕਾਸ਼ਤ ਲਈ ਫਲੀਦਾਰ ਫਸਲਾਂ ਜਿਵੇਂ ਮੂੰਗੀ, ਮਾਂਹ, ਗੁਆਰਾ, ਛੋਲੇ, ਬੀਨਜ਼ ਆਦਿ ਨੂੰ ਤਰਜੀਹ ਦੇਣੀ ਚਾਹੀਦੀ ਹੈ ਕਿਉਂਕਿ ਇਹ ਫਸਲਾਂ ਹਵਾ ਵਿਚਲੀ ਨਾਈਟ੍ਰੋਜਨ ਨੂੰ ਜੜ੍ਹਾਂ ਰਾਹੀਂ ਮਿੱਟੀ ਵਿਚ ਜਮ੍ਹਾਂ ਕਰਨ ਦੇ ਸਮਰੱਥ ਹਨ। ਇਸ ਲਈ ਇਨ੍ਹਾਂ ਫਸਲਾਂ ਦੀ ਕਾਸ਼ਤ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਧਾ ਕੇ ਦੋਹਰਾ ਫਾਇਦਾ ਲਿਆ ਜਾ ਸਕਦਾ ਹੈ।

ਕੁਝ ਫਲਦਾਰ ਬੂਟੇ ਜਿਵੇਂ ਅੰਬ, ਲੀਚੀ, ਨਾਸ਼ਪਾਤੀ, ਚੀਕੂ ਆਦਿ ਲੰਬੇ ਸਮੇਂ ਬਾਅਦ ਫਲ ਦੇਣ ਲੱਗਦੇ ਹਨ ਅਤੇ ਇਨ੍ਹਾਂ ਦੇ ਬਾਗ ਵਧੇਰੇ ਫਾਸਲੇ ਉੱਪਰ ਵੀ ਲੱਗੇ ਹੁੰਦੇ ਹਨ। ਇਸ ਲਈ ਇਨ੍ਹਾਂ ਬਾਗਾਂ ਵਿਚ ਛੋਟੇ ਕੱਦ ਅਤੇ ਛੇਤੀ ਫਲ ਦੇਣ ਵਾਲੇ ਫਲਦਾਰ ਬੂਟੇ ਜਿਵੇਂ ਅਮਰੂਦ, ਪਪੀਤਾ, ਅਲੂਚਾ, ਆੜੂ, ਕਿੰਨੂ, ਫਾਲਸਾ, ਅਨਾਰ ਆਦਿ ਪੂਰਕ ਪੌਦਿਆਂ ਵਜੋਂ ਵੀ ਲਾਏ ਜਾ ਸਕਦੇ ਹਨ। ਜਦੋਂ ਮੁੱਖ ਫਲਦਾਰ ਬੂਟਿਆਂ ਦਾ ਭਰਪੂਰ ਵਿਕਾਸ ਹੋ ਜਾਵੇ ਅਤੇ ਉਹ ਪੂਰਾ ਫਲ ਦੇਣ ਲੱਗ ਜਾਣ ਤਾਂ ਇਹ ਪੂਰਕ ਪੌਦੇ ਪੁੱਟ ਦੇਣੇ ਚਾਹੀਦੇ ਹਨ।

**ਅੰਤਰ-ਫਸਲਾਂ ਦੀ ਕਾਸ਼ਤ : ਧਿਆਨ ਵਾਲੀਆਂ ਗੱਲਾਂ**

ਬਾਗ ਦੀ ਜ਼ਮੀਨ ਵਿਚ ਪ੍ਰਮੁੱਖ ਫਸਲ ਫਲਦਾਰ ਬੂਟੇ ਹਨ, ਇਸ ਕਰ ਕੇ ਬਾਗ ਮਾਲਕਾਂ ਨੂੰ ਅੰਨ੍ਹੇਵਾਹ ਅੰਤਰ-ਫਸਲਾਂ ਦੀ ਕਾਸ਼ਤ ਕਰਨ ਦੀ ਬਜਾਏ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਅੰਤਰ-ਫਸਲਾਂ ਦੀ ਕਾਸ਼ਤ ਕਰਨ ਸਬੰਧੀ ਸਿਫਾਰਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਜਿਸ ਵੇਲੇ ਬੂਟਿਆਂ ਨੂੰ ਫਲ ਲੱਗਦਾ ਹੋਵੇ, ਉਸ ਸਮੇਂ ਬਾਗ ਵਿਚ ਹੋਰ ਫਸਲਾਂ ਦੀ ਕਾਸ਼ਤ ਨਹੀਂ ਕਰਨੀ ਚਾਹੀਦੀ।

ਅੰਤਰ-ਫਸਲਾਂ ਦੀ ਕਾਸ਼ਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਸਿਫਾਰਸ਼ ਕੀਤੇ ਫਾਸਲੇ 'ਤੇ ਲਗਾਏ ਬਾਗਾਂ ਵਿਚ ਹੀ ਕਰਨੀ ਚਾਹੀਦੀ ਹੈ। ਘੱਟ ਫਾਸਲੇ 'ਤੇ ਲਗਾਏ ਬਾਗਾਂ ਵਿਚ ਅੰਤਰ-ਫਸਲਾਂ ਦੀ ਕਾਸ਼ਤ ਨਾਲ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦਾ ਹਮਲਾ ਵੱਧ ਹੋ ਸਕਦਾ ਹੈ ਅਤੇ ਫਲ ਉਤਪਾਦਨ ਵਿਚ ਦੇਰੀ ਹੋ ਸਕਦੀ ਹੈ। ਅੰਤਰ-ਫਸਲਾਂ ਦੀ ਕਾਸ਼ਤ ਫਲਦਾਰ ਬੂਟਿਆਂ ਦੀਆਂ ਵੱਟਾਂ ਵਿਚਕਾਰ ਖਾਲੀ ਪਈ ਜਗ੍ਹਾਂ (ਕਿਆਰੀ) ਵਿਚ ਹੀ ਕਰਨੀ ਚਾਹੀਦੀ ਹੈ। ਬਾਗ ਲਾਉਣ ਤੋਂ ਤੁਰੰਤ ਬਾਅਦ ਬੂਟਿਆਂ ਦੁਆਲੇ ਲੰਬਾਈ ਵਾਲੇ ਪਾਸੇ ਵੱਲ ਇਕ ਮੀਟਰ ਬੂਟਿਆਂ ਅਤੇ ਅੰਤਰ-ਫਸਲਾਂ ਦੀ ਸਿੰਚਾਈ ਲੋੜ ਮੁਤਾਬਿਕ ਅਲੱਗ-ਅਲੱਗ ਕੀਤੀ ਜਾ ਸਕੇ। ਫਲਦਾਰ ਬੂਟਿਆਂ ਅਤੇ ਅੰਤਰ-ਫਸਲਾਂ ਦੀਆਂ ਖਾਦ-ਖੁਰਾਕ ਪਾਉਣ ਅਤੇ ਸਿੰਜਾਈ ਕਰਨ ਦਾ ਸਮਾਂ ਸਮਾਨਅੰਤਰ ਹੋਣਾ ਚਾਹੀਦਾ ਹੈ। ਅੰਤਰ-ਫਸਲਾਂ ਅਤੇ ਫਿਰ ਫਲਦਾਰ ਬੂਟਿਆਂ ਦਾ ਸਿਫਾਰਸ਼ ਮੁਤਾਬਿਕ ਰੂੜੀ, ਰਸਾਇਣਕ ਖਾਦਾਂ ਅਤੇ ਪਾਣੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਪੱਤਝੜ ਵਾਲੇ ਬੂਟੇ ਜਦੋਂ ਸਥਿਲ ਅਵਸਥਾ ਵਿਚ ਹੁੰਦੇ ਹਨ ਤਾਂ ਉਨ੍ਹਾਂ ਨੂੰ ਪਾਣੀ ਦੀ ਜ਼ਰੂਰਤ ਨਹੀਂ ਹੁੰਦੀ। ਇਸ ਲਈ ਉਸ ਸਮੇਂ ਅੰਤਰ-ਫਸਲਾਂ ਦੀ ਕਾਸ਼ਤ ਨਹੀਂ ਕਰਨੀ ਚਾਹੀਦੀ।

ਬਾਗਬਾਨ ਵੀਰੋ, ਉਪਰੋਕਤ ਤੱਥਾਂ ਨੂੰ ਧਿਆਨ ਵਿਚ ਰੱਖਦੇ ਹੋਏ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਸਿਫਾਰਸ਼ਾਂ ਮੁਤਾਬਿਕ ਬਾਗਾਂ ਵਿਚ ਸਾਰਾ ਸਾਲ ਅੰਤਰ-ਫਸਲਾਂ ਦੀ ਕਾਸ਼ਤ ਕਰ ਕੇ ਵਧੇਰੇ ਆਮਦਨੀ ਕੀਤੀ ਜਾ ਸਕਦੀ ਹੈ।



# ਆਓ ਰਲ ਮਿਲ ਪਾਣੀ ਬਚਾਈਏ

''ਪਹਿਲਾ ਪਾਣੀ ਜਿਓ ਹੈ ਜਿਤ ਹਰਿਆ ਸਭ ਕੋਇ'' ਪਾਣੀ ਇਕ ਅਜਿਹੀ ਵੱਡਮੁੱਲੀ ਚੀਜ਼ ਹੈ ਜਿਸ ਨਾਲ ਮਨੁੱਖ, ਪਸ਼ੂ, ਪੰਛੀ, ਮਸ਼ੀਨਰੀ, ਫਸਲਾਂ, ਦਰਖਤ ਆਦਿ ਜੀਵਤ ਅਤੇ ਹਰੇ ਭਰੇ ਰਹਿ ਸਕਦੇ ਹਨ ਜੇਕਰ ਪਾਣੀ ਨਾ ਹੋਵੇ ਤਾਂ ਇਹ ਸਾਰੀਆਂ ਚੀਜ਼ਾਂ ਖਤਮ ਹੋ ਜਾਣਗੀਆਂ। ਮਨੁੱਖ ਅਤੇ ਪਸ਼ੂ ਪੰਛੀਆਂ ਨੂੰ ਭੋਜਨ ਅਤੇ ਫਸਲਾਂ ਨੂੰ ਖੁਰਾਕੀ ਤੱਤ ਕੁਝ ਦਿਨਾਂ ਲਈ ਨਾ ਮਿਲਣ ਤਾਂ ਜ਼ਿੰਦਗੀ ਬਚ ਸਕਦੀ ਹੈ ਪਰ ਪਾਣੀ ਤੋਂ ਬਿਨ੍ਹਾਂ ਜ਼ਿੰਦਗੀ ਅਤੇ ਫਸਲਾਂ ਖਤਮ ਹੋ ਜਾਣਗੀਆਂ। ''ਇਹ ਜਲੁ ਮੇਰਾ ਜੀਉ ਹੈ ਜਲੁ ਬਿਨ ਰਹਣੁ ਨਾ ਜਾਇ'' ਭਾਵ ਕਿ ਜੇ ਪਾਣੀ ਨਹੀਂ ਤਾਂ ਜ਼ਿੰਦਗਾਨੀ ਨਹੀਂ। ਜੇ ਜੱਲ ਹੈ ਤਾਂ ਕੱਲ ਹੈ। ਦਿਨੋ ਦਿਨ ਪਾਣੀ ਦਾ ਪੱਧਰ ਹੇਠਾਂ ਡਿੱਗਦਾ ਹੋਇਆ ਸਭ ਲਈ ਚਿੰਤਾ ਬਣੀ ਹੋਈ ਹੈ। ਝੋਨੇ ਦੀ ਫਸਲ ਦੇ ਦਿਨਾਂ ਵਿਚ ਖੇਤੀ ਅਤੇ ਘਰਾਂ ਵਾਲੀਆਂ ਮੋਟਰਾਂ (ਟਿਊਬਵੈੱਲਾਂ) ਨੂੰ 8-10 ਫੁੱਟ ਪਾਈਪ ਪਾ ਕੇ ਮੋਟਰਾਂ ਨੂੰ ਹੋਰ ਹੇਠਾਂ ਪਾਣੀ ਦੇ ਪੱਧਰ ਤੱਕ ਕੀਤਾ ਜਾਂਦਾ ਹੈ ਜੇਕਰ ਹਰ ਸਾਲ ਅਜਿਹਾ ਹੀ ਹੁੰਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਖੇਤੀ, ਫੈਕਟਰੀਆਂ, ਬਨਸਪਤੀ, ਮਨੁੱਖੀ ਜ਼ਿੰਦਗੀਆਂ, ਪਸ਼ੂ ਪੰਛੀ ਵੀ ਪਾਣੀ ਦੀ ਬੂੰਦ-ਬੂੰਦ ਨੂੰ ਤਰਸਣਗੇ। ਕਾਸ਼ ਕਿਤੇ ਪੰਜਾਂ ਦਰਿਆਵਾਂ, ਨਹਿਰਾਂ, ਟਿਊਬਵੈੱਲਾਂ ਦੀ ਮਾਲਕ ਪੰਜਾਬ ਦੀ ਧਰਤੀ ਉੱਤੇ ਵੱਸਦੇ ਹੋਏ ਲੋਕਾਂ ਨੂੰ ਵੀ ਦੋ-ਦੋ, ਪੰਜ-ਪੰਜ, ਦਸ-ਦਸ ਲਿਟਰ ਪਾਣੀ ਲੰਬੀਆਂ ਲਾਈਨਾਂ ਵਿਚ ਲਗ ਕੇ ਨਾ ਲੈਣਾ ਪਵੇ। ਸੋ ਇਸ ਮੁੱਦੇ ਨੂੰ ਹੱਲ ਕਰਨ ਲਈ ਖੇਤੀ ਸੈਕਟਰ, ਫੈਕਟਰੀਆਂ, ਘਰਾਂ ਦੁਕਾਨਦਾਰਾਂ, ਸਰਕਾਰਾਂ ਆਦਿ ਸਭ ਦਾ ਫਰਜ ਬਣਦਾ ਹੈ ਕਿ ਪਾਣੀ ਨੂੰ ਬਚਾਉਣ ਲਈ ਹੇਠ ਲਿਖੇ ਕੁੱਝ ਤਰੀਕੇ ਅਪਣਾਈਏ ਅਤੇ ਪਾਣੀ ਸੰਕਟ ਹੱਲ ਕਰਾਈਏ।

**1. ਖੇਤੀ ਸੈਕਟਰ ਵਿਚ ਪਾਣੀ ਬਚਾਉਣ ਦੇ ਢੰਗ :** ਕੋਸ਼ਿਸ਼ ਕੀਤੀ ਜਾਵੇ ਕਿ ਖੇਤੀ ਵਿਚ ਝੋਨੇ ਦੀ ਜਗ੍ਹਾ ਗੰਨਾ, ਦਾਲਾਂ-ਸਬਜ਼ੀਆਂ, ਮੱਕੀ, ਹਲਦੀ, ਮਿਲਟ (ਮੂਲ ਅਨਾਜ), ਬਾਗਬਾਨੀ, ਹਰਾ ਚਾਰਾ ਆਦਿ ਘੱਟ ਪਾਣੀ ਨਾਲ ਪੈਦਾ ਹੋਣ ਵਾਲੀਆਂ ਫਸਲਾਂ ਬੀਜੀਆਂ ਜਾਣ ਅਤੇ ਇਨ੍ਹਾਂ ਫਸਲਾਂ ਨੂੰ ਵੀ ਲੋੜ ਮੁਤਾਬਿਕ ਪਾਣੀ ਮੰਗਣ ਤੇ ਹੀ ਦਿੱਤਾ ਜਾਵੇ। ਪ੍ਰਤੀ ਏਕੜ ਦੇ ਹਿਸਾਬ ਨਾਲ ਘੱਟੋ-ਘੱਟ 6 ਤੋਂ 8 ਕਿਆਰੇ ਬਣਾਏ (ਪਾਏ) ਜਾਣ ਅਤੇ ਫਸਲਾਂ ਨੂੰ ਪਾਣੀ ਲਾਉਂਦੇ ਸਮੇਂ ਭਰੇ ਹੋਏ ਕਿਆਰੇ ਵਿਚੋਂ ਪਾਣੀ ਲੱਗਣ ਵਾਲੇ ਨਾਲ ਦੇ ਖਾਲੀ ਕਿਆਰੇ ਵੱਲ ਨੂੰ ਜਿੰਨਾ ਕੁ ਪਾਣੀ ਨਿੱਕਲੇ ਕੱਢ ਦੇਣਾ ਚਾਹੀਦਾ ਹੈ। ਪਸ਼ੂਆਂ ਲਈ ਹਰੇ ਚਾਰੇ ਨੂੰ ਛੱਡਕੇ ਬਾਕੀ ਫਸਲਾਂ ਵਿਚ ਮਲਚਿੰਗ ਕਰਕੇ ਕਾਫੀ ਪਾਣੀ ਬਚਾਇਆ ਜਾ ਸਕਦਾ ਹੈ ਕਿਉਂਕਿ ਮਲਚਿੰਗ ਦੇ ਨਾਲ ਇਕ ਤਾਂ ਨਦੀਨਾਂ ਦੀ ਰੋਕਥਾਮ ਹੋ ਜਾਂਦੀ ਹੈ ਦੂਜਾ ਫਸਲ ਵਿਚ ਨਮੀਂ ਦੀ ਮਾਤਰਾ ਕਾਫੀ ਲੰਬੇ ਸਮੇਂ ਤੱਕ ਬਣੀ ਰਹਿੰਦੀ ਹੈ ਤੀਜਾ ਫਸਲੀ ਰਹਿੰਦ-ਖੂੰਹਦ ਮਲਚਿੰਗ ਦੇ ਕੰਮ ਆ ਜਾਂਦੀ ਹੈ ਇਸ ਨਾਲ ਪਾਣੀ ਅਤੇ ਪਰਾਲੀ ਦੋਨੋਂ ਮਸਲੇ ਹੱਲ ਹੋਣ ਵਿਚ ਬਹੁਤ ਮਦਦ ਮਿਲ ਸਕਦੀ ਹੈ ਅਤੇ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਕੇ ਇਕ ਤੀਰ ਨਾਲ ਤਿੰਨ ਨਿਸ਼ਾਨੇ ਹੋ ਜਾਂਦੇ ਹਨ।

**2. ਪਾਣੀ ਵਾਲੀ ਘਰੇਲੂ ਟੈਂਕੀ ਭਰਦੇ ਸਮੇਂ ਪਾਣੀ ਦਾ ਬਚਾਓ :** ਜਦੋਂ ਘਰਾਂ ਦੀ ਟੈਂਕੀ ਭਰਦੇ ਸਮੇਂ ਮੋਟਰ ਚਲਾ ਕੇ ਇੱਧਰ-ਉੱਧਰ ਕੋਈ ਹੋਰ ਕੰਮ ਕਰਨ ਲੱਗ ਜਾਂਦੇ ਹਾਂ ਤਾਂ ਪਾਣੀ ਦੀ ਘਰੇਲੂ ਟੈਂਕੀ ਭਰ ਕੇ ਕਾਫੀ ਸਮਾਂ ਪਾਣੀ ਬਾਹਰ ਹੀ ਡੁੱਲਦਾ ਰਹਿੰਦਾ ਹੈ ਅਤੇ ਕਾਫੀ ਮਾਤਰਾ ਵਿਚ ਅਨਮੋਨ ਰਤਨ ਪੀਣ ਵਾਲਾ ਪਾਣੀ ਗੰਦੀਆਂ ਨਾਲੀਆਂ ਵਿਚ ਬੇਕਾਰ ਚਲੇ ਜਾਂਦਾ ਹੈ ਸੋ ਟੈਂਕੀ ਭਰਦੇ ਸਮੇਂ ਕੋਲ ਖੜੇ ਰਹੋ ਜਾਂ ਆਟੋ ਕੱਟ ਲਵਾ ਲੈਣਾ ਚਾਹੀਦਾ ਹੈ।

**3. ਮਸ਼ੀਨਰੀ ਧੋਂਦੇ ਸਮੇਂ ਪਾਣੀ ਦਾ ਬਚਾਓ :** ਮੋਟਰ ਸਾਈਕਲ, ਕਾਰ, ਟਰੈਕਟਰ ਆਦਿ ਧੋਂਦੇ ਸਮੇਂ ਵੀ ਲਗਾਤਾਰ ਟੂਟੀ ਚਲਦੀ ਛੱਡ ਕੇ ਅਸੀਂ ਹੱਥ ਨਾਲ ਚਿੱਕੜ (ਮਿੱਟੀ ਘੱਟਾ) ਵਗੈਰਾ ਨੂੰ ਮਲਣ ਲੱਗ ਜਾਂਦੇ ਹਾਂ ਕੋਸ਼ਿਸ ਕਰੋ ਕਿ ਕਿਸੇ ਟੱਬ, ਬਾਲਟੀ ਵਿਚ ਪਾਣੀ ਭਰ ਕੇ ਮੱਗ ਨਾਲ ਲੋੜ ਮੁਤਾਬਿਕ ਥੋੜ੍ਹਾ-ਥੋੜ੍ਹਾ ਪਾਣੀ ਵਰਤ ਕੇ ਮਸ਼ੀਨਰੀ ਧੋਤੀ ਜਾ ਸਕੇ।

**4. ਪਸ਼ੂਆਂ ਨੂੰ ਨਹਾਉਂਦੇ ਸਮੇਂ ਪਾਣੀ ਦਾ ਬਚਾਓ :** ਪਸ਼ੂਆਂ ਨੂੰ ਨਹਾਉਂਦੇ ਸਮੇਂ ਘਰੇਲੂ ਪਾਣੀ ਦੀ ਮੋਟਰ ਚਲਾ ਕੇ ਸਿੱਧਾ ਰਬੜ ਦੇ ਪਾਈਪ ਨਾਲ ਪਾਣੀ ਦਾ ਪ੍ਰੈਸ਼ਰ ਪਸ਼ੂ ਉੱਪਰ ਮਾਰ ਕੇ ਨਹਾਉਂਦੇ ਹਾਂ ਅਤੇ ਮੋਟਰ ਚਲਦੀ ਛੱਡ ਕੇ ਪਾਣੀ ਦਾ ਪਾਈਪ ਹੇਠਾਂ ਸੁੱਟ ਕੇ ਪਸ਼ੂ ਨੂੰ ਲੱਗਾ



**ਸੁਰਜੀਤ ਸਿੰਘ ਰਾਏ,**
ਪਿੰਡ ਲੰਗੇਰੀ, ਤਹਿਸੀਲ ਬੰਗਾ,
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ
(ਮੋ. 94171-27559)


ਗੋਬਰ ਹੱਥ ਨਾਲ ਮਲਣ ਲੱਗ ਜਾਂਦੇ ਹਾਂ ਜਿਸ ਨਾਲ ਕਾਫੀ ਪਾਣੀ ਬੇਕਾਰ ਚਲੇ ਜਾਂਦਾ ਹੈ ਸੋ ਚਬੱਚਾ (ਪਾਣੀ ਦਾ ਚਲ੍ਹਾ) ਆਦਿ ਨੂੰ ਭਰ ਕੇ ਉਸ ਵਿਚੋਂ ਮੱਗ ਵਗੈਰਾ ਨਾਲ ਪਾਣੀ ਲੈ ਕੇ ਪਸ਼ੂ ਦੇ ਸਰੀਰ ਉੱਤੇ ਪਾਓ ਹੋ ਕੇ ਤਾਂ ਪਸ਼ੂਆਂ ਦੇ ਸਰੀਰ ਹੋ ਹੇਠਾਂ ਡਿੱਗਿਆ ਪਾਣੀ ਦਰੱਖਤਾਂ, ਸਬਜ਼ੀਆਂ, ਫੁੱਲਾਂ, ਫਲਾਂ ਦੇ ਬੂਟਿਆਂ ਨੂੰ ਪਾਇਆ ਜਾਵੇ।

**5. ਕੱਪੜੇ ਨੂੰ ਧੋਂਦੇ ਸਮੇਂ ਪਾਣੀ ਦਾ ਬਚਾਓ :** ਕਈ ਵਾਰ ਕਿਸੇ ਟੱਬ ਜਾਂ ਬਾਲਟੀ ਵਿਚ ਕੱਪੜੇ ਪਾ ਕੇ ਟੂਟੀ ਚੱਲਦੀ ਛੱਡ ਕੇ ਕੋਈ ਹੋਰ ਘਰੇਲੂ ਕੰਮ ਕਰਨ ਜਾਂ ਕਿਸੇ ਨਾਲ ਗੱਲਾਂ ਕਰਨ ਲੱਗ ਜਾਂਦੇ ਹਾਂ, ਟੂਟੀ ਬੰਦ ਕਰਨਾ ਭੁੱਲ ਜਾਂਦੇ ਹਾਂ ਇਸ ਤਰ੍ਹਾਂ ਵੀ ਅਨਮੋਲ ਰਤਨ ਪਾਣੀ ਕਾਫੀ ਮਾਤਰਾ ਵਿਚ ਬੇਕਾਰ ਚਲੇ ਜਾਂਦਾ ਹੈ। ਕੋਸ਼ਿਸ਼ ਕਰੋ ਜਦੋਂ ਤੱਕ ਲੋੜ ਮੁਤਾਬਕ ਪਾਣੀ ਦਾ ਟੱਬ ਜਾਂ ਬਾਲਟੀ ਭਰ ਨਹੀਂ ਜਾਂਦੇ ਟੂਟੀ ਕੋਲ ਹੀ ਖੜ੍ਹੇ ਰਹੋ।

**6. ਦੰਦਾਂ ਦੀ ਸਫਾਈ ਕਰਦੇ ਅਤੇ ਹੱਥ ਮੂੰਹ ਧੋਂਦੇ ਸਮੇਂ ਪਾਣੀ ਦਾ ਬਚਾਓ :** ਬੱਚੇ ਜਾਂ ਵਡੇਰੀ ਉਮਰ ਦੇ ਅਸੀਂ ਜਦੋਂ ਸਵੇਰੇ ਉੱਠ ਕੇ ਦੰਦ ਸਾਫ ਕਰਨ ਲਈ ਬੁਰਸ਼ ਕਰਦੇ ਸਮੇਂ ਨਾਲ ਨਾਲ ਟੂਟੀ ਵੀ ਚਲਦੀ ਰਹਿੰਦੀ ਹੈ। ਉਸ ਸਮੇਂ ਟੂਟੀ ਬੰਦ ਕਰੋ। ਬੁਰਸ਼ ਕਰਨ ਤੋਂ ਬਾਅਦ ਮੂੰਹ ਸਾਫ ਕਰਨ ਲਈ ਲੋੜ ਮੁਤਾਬਿਕ ਘੱਟ ਮਾਤਰਾ ਵਿਚ ਟੂਟੀ ਖੋਲ੍ਹੋ।

**7. ਨਹਾਉਂਦੇ ਸਮੇਂ ਪਾਣੀ ਦਾ ਬਚਾਓ :** ਨਹਾਉਂਦੇ ਸਮੇਂ ਟੂਟੀ ਜਾਂ ਫੁਆਰਾ ਸਦਾ ਹੀ ਚਲਦਾ ਨਾ ਰੱਖੋ ਸਰੀਰ ਨੂੰ ਜਾਂ ਸਿਰ ਨੂੰ ਗਿੱਲਾ ਕਰਕੇ ਸਾਬਣ ਵਗੈਰਾ ਲਗਾਉਂਦੇ ਸਮੇਂ ਟੂਟੀ ਜਾਂ ਫੁਆਰਾ ਬੰਦ ਕਰ ਦਿਓ ਸਾਬਣ ਲਗਾਉਣ ਤੋਂ ਬਾਅਦ ਦੁਬਾਰਾ ਟੂਟੀ ਜਾਂ ਫੁਆਰਾ ਚਲਾਓ ਜਾਂ ਟੱਬ, ਬਾਲਟੀ ਭਰ ਕੇ ਮੱਗ ਨਾਲ ਨਹਾਓ ਇਸ ਤਰ੍ਹਾਂ ਪਾਣੀ ਦੀ ਕਾਫੀ ਬੱਚਤ ਹੋਵੇਗੀ।

**8. ਘਰੇਲੂ ਆਰ. ਓ ਤੋਂ ਪਾਣੀ ਦਾ ਬਚਾਓ :** ਘਰੇਲੂ ਆਰ. ਓ ਦੀ ਪੀਣ ਯੋਗ ਪਾਣੀ ਇਕੱਠਾ ਕਰਨ ਲਈ ਟੈਂਕੀ ਲੱਗਭਗ 10 ਤੋਂ 11 ਲਿਟਰ ਦੀ ਹੁੰਦੀ ਹੈ ਆਰ. ਓ ਦੇ ਵਿਚ 10 ਲਿਟਰ ਪੀਣ ਯੋਗ ਪਾਣੀ ਇਕੱਠਾ ਹੋਣ ਲਈ 30 ਲਿਟਰ ਪੀਣ ਆਰ. ਓ ਦੇ ਵੇਸਟ ਪਾਣੀ ਵਾਲੇ ਪਾਈਪ ਰਾਹੀਂ ਬੇਕਾਰ ਚਲੇ ਜਾਂਦਾ ਹੈ ਮੰਨ ਲਓ ਇਕ ਪਰਿਵਾਰ ਦੇ 4 ਮੈਂਬਰ ਆਰ. ਓ ਦਾ ਪਾਣੀ ਪੀਂਦੇ ਹੋਣ ਤਾਂ ਖਪਤ ਦੇ ਮੁਤਾਬਿਕ ਇਕ ਆਰ. ਓ ਦੇ ਵਿਚੋਂ ਕਾਫੀ ਮਾਤਰਾ ਵਿਚ ਪਾਣੀ ਬੇਕਾਰ ਚਲੇ ਜਾਂਦਾ ਹੈ। ਇੱਕ ਪਿੰਡ, ਤਹਿਸੀਲ, ਜ਼ਿਲ੍ਹਾ ਦੇ ਆਧਾਰ ਉੱਤੇ ਹੀ ਜੇ ਔਸਤ ਕੱਢੀਏ ਤਾਂ ਰੋਜ਼ਾਨਾ ਲੱਖਾਂ ਕਰੋੜਾਂ ਲਿਟਰ ਪਾਣੀ ਆਰ. ਓ ਹੀ ਨਾਲੀਆਂ ਵਿਚ ਵਹਾ ਕੇ ਬੇਕਾਰ ਕਰ ਦਿੰਦੇ ਹਨ ਸੋ ਆਰ. ਓ ਦੇ ਵੇਸਟ ਪਾਣੀ ਵਾਲੇ ਪਾਈਪ ਦੇ ਮੂਹਰੇ ਫਰਸ਼ ਦੇ ਉੱਤੇ ਕੋਈ ਕੈਨੀ ਜਾਂ ਬਾਲਟੀ ਵਗੈਰਾ ਰੱਖ ਦੇਣੀ ਚਾਹੀਦੀ ਹੈ ਤਾਂ ਕਿ ਵੇਸਟ ਪਾਣੀ ਉਸ ਵਿਚ ਇਕੱਠਾ ਹੁੰਦਾ ਰਹੇ। ਉਸ ਪਾਣੀ ਨੂੰ ਘਰ ਵਿਚ ਵਰਤਣ (ਭਾਂਡੇ) ਸਾਫ ਕਰਨ, ਕੱਪੜੇ ਧੋਣ, ਨਹਾਉਣ, ਸਬਜ਼ੀਆਂ ਦੀਆਂ ਵੇਲਾਂ/ਬੂਟੇ, ਸਜਾਵਟੀ ਫੁੱਲ, ਫਲਦਾਰ ਬੂਟੇ, ਛਾਂਦਾਰ ਦਰਖਤਾਂ ਨੂੰ ਪਾਉਣ ਲਈ ਵਰਤੋਂ ਜਾਂ ਘਰ ਵਿਚ



ਪੋਚੇ ਅਤੇ ਫਰਸ਼ ਧੋਣ ਲਈ ਵਰਤ ਲੈਣਾ ਚਾਹੀਦਾ ਹੈ ਜੇਕਰ ਅਸੀਂ ਥੋੜੀ ਜਿਹੀਂ ਹਿੰਮਤ ਕਰੀਏ ਤਾਂ ਇਸ ਤਰ੍ਹਾਂ ਕਰਕੇ ਪੂਰੇ ਸਾਲ ਵਿਚ ਆਰ. ਓ. ਰਾਹੀਂ ਪਿੰਡ, ਕਸਬੇ, ਸ਼ਹਿਰਾਂ, ਜ਼ਿਲ੍ਹਾ, ਸਟੇਟ ਪੱਧਰ ਉੱਤੇ ਬਹੁਤ ਵੱਡੀ ਮਾਤਰਾ ਵਿਚ ਪਾਣੀ ਬਚਾ ਕੇ ਧਰਤੀ ਦੇ ਪਾਣੀ ਦਾ ਪੱਧਰ ਉੱਚਾ ਚੁੱਕਣ ਵਿਚ ਬਹੁਤ ਵੱਡਾ ਯੋਗਦਾਨ ਪਾ ਸਕਦੇ ਹਾਂ।

**9. ਮੀਂਹ (ਵਰਖਾ/ਬਾਰਿਸ਼) ਦੇ ਪਾਣੀ ਨੂੰ ਇਕੱਠਾ ਕਰਕੇ ਪਾਣੀ ਦਾ ਬਚਾਓ :** ਕੋਸ਼ਿਸ਼ ਕਰੋ ਕਿ ਬਾਰਿਸ਼ ਹੁੰਦੀ ਸਮੇਂ ਘਰ ਦਾ ਵਿਹੜਾ ਜਾਂ ਮਕਾਨਾਂ ਦੀਆਂ ਛੱਤਾਂ ਉੱਤੇ ਖੁੱਲ੍ਹੇ ਬਰਤਨ ਲੋਹੇ ਜਾਂ ਪਲਾਸਟਿਕ ਦੇ ਟੱਬ ਵਗੈਰਾ ਰੱਖ ਦੇਣੇ ਚਾਹੀਦੇ ਹਨ ਉਹਨਾਂ ਵਿਚ ਬਾਰਿਸ਼ ਦਾ ਪਾਣੀ ਸਿੱਧਾ ਹੀ ਪਵੇ ਉਸਨੂੰ ਇਸ ਤਰ੍ਹਾਂ ਇਕੱਠਾ ਕਰ ਲਓ ਲੋੜ ਅਨੁਸਾਰ ਵਰਤਦੇ ਰਹੋ ਖੇਤੀ ਸੈਕਟਰ ਵਿਚ ਛੋਟੇ ਵੱਡੇ, ਕੱਚੇ ਪੱਕੇ ਤਲਾਬ ਆਪਣੀ ਪਹੁੰਚ ਮੁਤਾਬਿਕ ਬਣਾਓ ਫਸਲਾਂ ਵਾਸਤੇ ਲੋੜ ਮੁਤਾਬਿਕ ਉਹ ਪਾਣੀ ਵਰਤਦੇ ਰਹੋ। ਧਰਤੀ ਹੇਠਲਾ ਪਾਣੀ ਬਚਾਉਣ ਲਈ ਅਜਿਹੇ ਤਰੀਕੇ ਕਾਫੀ ਕਾਰਗਰ ਸਿੱਧ ਹੋਣਗੇ।

**10. ਨਹਿਰੀ ਪਾਣੀ ਦੀ ਵਰਤੋਂ ਕਰਕੇ ਪਾਣੀ ਦਾ ਬਚਾਓ :** ਜਿਸ ਇਲਾਕੇ ਵਿਚ ਫਸਲਾਂ ਨੂੰ ਨਹਿਰੀ ਅਤੇ ਟਿਊਬਵੈਲ ਦੋਨਾਂ ਦਾ ਪਾਣੀ ਲੱਗਦਾ ਹੋਵੇ ਤਾਂ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਕੇ ਟਿਊਬਵੈਲਾਂ ਦੇ ਪਾਣੀ ਨੂੰ ਬਚਾ ਕੇ ਧਰਤੀ ਹੇਠਲੇ ਪਾਣੀ ਦੇ ਲੈਵਲ ਨੂੰ ਉੱਚਾ ਚੁੱਕਣ ਵਿਚ ਮਦਦ ਹੋ ਸਕਦੀ ਹੈ।

**11. ਪੇਂਡੂ ਅਤੇ ਸ਼ਹਿਰੀ ਸਰਕਾਰੀ ਟੂਟੀਆਂ ਤੋਂ ਪਾਣੀ ਦਾ ਬਚਾਓ :** ਪਿੰਡਾਂ, ਕਸਬਿਆਂ, ਸ਼ਹਿਰਾਂ ਵਿਚ ਕਈ ਵਾਰ ਕਿਸੇ ਸਾਂਝੀ ਥਾਂ ਤੇ ਲੱਗੀ ਹੋਈ ਟੂਟੀ ਚੱਲ ਰਹੀ ਹੋਵੇ ਅਤੇ ਪਾਣੀ ਬੇਕਾਰ ਜਾ ਰਿਹਾ ਹੋਵੇ ਉਸ ਦੇ ਕੋਲੋਂ ਚੁੱਪ ਚਾਪ ਲੰਘਣ ਦੀ ਬਜਾਏ ਟੂਟੀ ਨੂੰ ਬੰਦ ਕਰੋ ਇਹ ਨਹੀਂ ਸੋਚਣਾ ਚਾਹੀਦਾ ਕਿ ਇਹ ਟੂਟੀ ਕਿਹੜਾ ਮੇਰੇ ਘਰ ਦੀ ਟੂਟੀ ਹੈ ਸੋ ਅਸੀਂ ਪਿੰਡਾਂ, ਕਸਬਿਆਂ, ਸ਼ਹਿਰਾਂ ਦੇ ਵਸਨੀਕ ਆਪੋ ਆਪਣੇ ਕਿੱਤੇ ਨਾਲ ਜੁੜੇ ਹੋਏ ਵਰਗ ਦੇ ਲੋਕ ਇਹ ਲਿਖੇ ਹੋਏ ਸਾਰੇ ਹੀ ਤਰੀਕੇ ਅਪਣਾ ਕੇ ਦਿਨੋ ਦਿਨ ਪਾਣੀ ਦੇ ਹੇਠਾਂ ਡਿੱਗਦੇ ਹੋਏ ਪੱਧਰ ਨੂੰ ਉੱਚਾ ਚੁੱਕਣ ਵਿਚ ਆਪਣਾ ਫਰਜ਼ ਸਮਝਦੇ ਹੋਏ ਵਡਮੁੱਲਾ ਯੋਗਦਾਨ ਪਾਈਏ ਅਤੇ ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹੱਤ ਦੇ ਮਹਾਂਵਾਕਾਂ ਦਾ ਸਿਧਾਂਤ ਅਪਣਾਈਏ।

**12. ਰਸੋਈ ਵਿਚ ਜੂਠੇ ਬਰਤਨ (ਭਾਂਡੇ) ਧੋਂਦੇ ਸਮੇਂ ਪਾਣੀ ਦਾ ਬਚਾਓ** : ਜੂਠੇ ਬਰਤਨ ਧੋਂਦੇ ਸਮੇਂ ਪੂਰੀ ਟੂਟੀ ਖੋਲ੍ਹਣ ਨਾਲ ਪਾਣੀ ਬਹੁਤ ਬੇਕਾਰ ਚਲਾ ਜਾਂਦਾ ਹੈ ਸੋ ਬਰਤਨ ਧੋਂਦੇ ਸਮੇਂ ਘੱਟ ਮਾਤਰਾ ਵਿਚ ਲੋੜ ਮੁਤਾਬਿਕ ਟੂਟੀ ਖੋਲੋ ਅਤੇ ਪਾਣੀ ਦੀ ਬੱਚਤ ਕਰੋ।

**13. ਸਰਕਾਰਾਂ ਨੂੰ ਬੇਨਤੀ :** ਪਾਣੀ ਦੇ ਸੰਕਟ ਨੂੰ ਮੁੱਖ ਰੱਖ ਕੇ ਜੇ ਹੋ ਸਕੇ ਤਾਂ ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਖੇਤੀ ਵਾਸਤੇ ਜ਼ਿਆਦਾ ਤੋਂ ਜ਼ਿਆਦਾ ਨਹਿਰੀ ਪਾਣੀ ਮੁਹੱਈਆ ਕਰਾਇਆ ਜਾਵੇ ਅਤੇ ਪੀਣ ਵਾਸਤੇ ਵੀ ਨਹਿਰੀ ਪਾਣੀ ਮਸ਼ੀਨਾਂ ਰਾਹੀਂ ਸ਼ੁੱਧ ਕਰਕੇ ਨਹਿਰਾਂ ਦੇ ਨੇੜੇ ਵਸੇ ਹੋਏ ਸ਼ਹਿਰਾਂ ਵਿਚ ਪਹੁੰਚਾਇਆ ਜਾਵੇ ਅਤੇ ਘੱਟ ਪਾਣੀ ਨਾਲ ਪੈਦਾ ਹੋਣ ਵਾਲੀਆਂ ਫਸਲਾਂ ਉੱਤੇ ਐਮ.ਐਸ.ਪੀ. (ਫਸਲਾਂ ਦੇ ਪੱਕੇ ਰੇਟ) ਬੰਨੇ ਜਾਣ ਅਤੇ ਕਣਕ, ਝੋਨੇ ਦੀ ਫਸਲਾਂ ਦੀ ਤਰ੍ਹਾਂ ਫਸਲ ਵਿਕਰੀ ਦੇ ਪੈਸੇ ਸਮੇਂ ਸਿਰ ਮਿਲਣ ਤਾਂ ਕਿ ਕਿਸਾਨ ਵੀਰ ਝੋਨੇ ਨੂੰ ਤਿਆਰ ਕੇ ਘੱਟ ਪਾਣੀ ਅਤੇ ਘੱਟ ਫਸਲੀ ਜ਼ਹਿਰਾਂ ਨਾਲ ਪੈਦਾ ਹੋਣ ਵਾਲੀਆਂ ਫਸਲਾਂ ਨੂੰ ਅਪਨਾਉਣ ਅਤੇ ਪਾਣੀ ਨੂੰ ਬਚਾਉਣ ਵਿਚ ਮਦਦ ਹੋ ਸਕੇ। ''ਸੋ ਆਓ ਆਪਾਂ ਰਲ ਮਿਲ ਹਰ ਵਰਗ ਜ਼ੋਰ ਲਗਾਈਏ, ਘੱਟ ਪਾਣੀ ਨਾਲ ਪੈਦਾ ਹੋਣ ਵਾਲੀਆਂ ਫਸਲਾਂ ਉਗਾਈਏ। ਘਰਾਂ ਅਤੇ ਸਾਂਝੇ ਥਾਵਾਂ ਵਿਚ ਪਾਣੀ ਦੀਆਂ ਟੂਟੀਆਂ ਫਾਲਤੂ ਨਾ ਚਲਾਈਏ, ਮਸ਼ੀਨਰੀ ਧੋਂਦੇ ਸਮੇਂ ਵੀ ਬਹੁਤ ਪਾਣੀ ਨਾ ਵਹਾਈਏ। ਆਉਣ ਵਾਲੀਆਂ ਪੀੜੀਆਂ ਲਈ ਵੀ ਕੁਝ ਚੰਗਾ ਕਰਕੇ ਜਾਈਏ, ਆਪਣੇ ਸਾਹਾਂ ਦੀ ਤਰ੍ਹਾਂ ਪਾਣੀ ਨੂੰ ਵੀ ਹਰਮਨ ਪਿਆਰਾ ਬਣਾਈਏ। ਪਾਣੀ ਨੂੰ ਬਰਬਾਦ ਕਰਦੇ ਜ਼ਿੰਦਗੀ ਲਈ ਖਤਰੇ ਦੀ ਘੰਟੀ ਨਾ ਬਜਾਈਏ, ਫਸਲਾਂ, ਪਸ਼ੂ, ਪੰਛੀ, ਮਨੁੱਖੀ ਜ਼ਿੰਦਗੀਆਂ ਬਚਾਉਣ ਲਈ ਅਨਮੋਲ ਰਤਨ ਪਾਣੀ ਨੂੰ ਹਰ-ਹੀਲੇ ਬਚਾਈਏ''।

# ਸਾਡੀ ਲੋਕਧਾਰਾ ਦਾ ਅਨਿੱਖੜਵਾਂ ਅੰਗ 'ਅੰਬ'

ਪ੍ਰੋ. ਜਸਵੰਤ ਸਿੰਘ ਗੰਡਮ, ਫਗਵਾੜਾ (ਮੋ. 98766-55055)



**ਅੰਬ ਸਿਹਤ-ਵਰਧਕ ਵੀ ਹੈ। ਇਹ ਵਿਟਾਮਿਨ ਏ, ਸੀ ਅਤੇ ਡੀ ਦਾ ਬਹੁਤ ਹੀ ਵਧੀਆ ਸਰੋਤ ਹੈ। ਅੰਬਾਂ ਦੇ ਪੱਤੇ ਸੜਨ ਨਾਲ ਹੋਏ ਜਖਮਾਂ, ਜਾਂ ਉਬਲਦੇ ਪਾਣੀ ਵਿੱਚ ਝੁਲਸਣ ਕਾਰਨ ਹੋਏ ਜਖਮਾਂ ਅਤੇ ਡਾਇਬਿਟੀਜ਼ ਦੇ ਇਲਾਜ ਲਈ ਵਰਤੇ ਜਾਂਦੇ ਹਨ। ਇਹ ਹਾਜ਼ਮੇਦਾਰ, ਕਬਜ਼-ਕੁਸ਼ਾ ਅਤੇ ਤਾਕਤ ਦੇਣ ਵਾਲਾ ਹੁੰਦਾ ਹੈ। ਇਸ ਵਿੱਚ ਫਾਈਬਰ ਅਤੇ ਐਂਟੀ-ਆਕਸੀਡੈਂਟ ਹੁੰਦੇ ਹਨ। ਇਹ ਅੱਖਾਂ ਅਤੇ ਰੋਗ ਨਿਰੋਧਕ ਸ਼ਕਤੀ ਲਈ ਵੀ ਲਾਭਦਾਇਕ ਹੈ।**

ਮੇਰੀ ਉਮਰ ਦੇ ਪੇਂਡੂਆਂ ਦਾ ਬਚਪਨ ਗਰਮੀਆਂ ਨੂੰ ਕੱਚੀਆਂ ਅੰਬੀਆਂ 'ਤੇ ਲੂਣ-ਮਸਾਲਾ ਭੁੱਕ ਕੇ ਚਟਖਾਰੇ ਲੈ ਲੈ ਖਾਣ ਅਤੇ ਟਪਕੇ ਅੰਬਾਂ ਨੂੰ ਹੱਥ-ਮੂੰਹ ਲਬੇੜ ਕੇ ਸੁਆਦ ਨਾਲ ਹੁਲਾਰੇ ਲੈ ਲੈ ਕੇ ਚੂਪਣ ਵਿੱਚ ਗੁਜ਼ਰਿਐ। ਹੋ ਸਕਦੇ ਛੋਟੇ ਸ਼ਹਿਰਾਂ/ਕਸਬਿਆਂ ਵਾਲਿਆਂ ਨੇ ਵੀ ਇਹ ਸਵਰਗੀ ਹੁਲਾਰੇ ਲਏ ਹੋਣ।



ਉਨ੍ਹੀਂ ਦਿਨੀਂ, ਜਾਣੀ 60-65 ਸਾਲ ਪਹਿਲਾਂ, ਖੂਹਾਂ, ਖੇਤਾਂ, ਤੌੜਾਂ ਅਤੇ ਘਰਾਂ ਦੇ ਵਿਹੜਿਆਂ 'ਚ ਅੰਬ ਦਾ ਬੂਟਾ ਲੱਗੇ ਹੋਣਾ ਆਮ ਗੱਲ ਸੀ। ਦੁਆਬਾ ਤਾਂ ਅੰਬਾਂ ਦਾ ਘਰ ਹੁੰਦਾ ਸੀ। ਇਸ ਲਈ ਹੀ ਤਾਂ ਮਸ਼ਹੂਰ ਲੋਕਬੋਲੀ ਹੈ - 'ਅੰਬੀਆਂ ਨੂੰ ਤਰਸੇਂਗੀ ਛੱਡ ਕੇ ਦੇਸ ਦੁਆਬਾ'।

ਹੁਣ ਤਾਂ ਦੇਸ ਦੁਆਬੇ ਵਿੱਚ ਅੰਬਾਂ ਦੀ ਉਹ ਗੱਲ ਨਹੀਂ ਰਹੀ। ਹਾਂ, ਹੁਸ਼ਿਆਰਪੁਰ ਜ਼ਿਲ੍ਹੇ ਨੇ ਅਜੇ ਦੁਆਬੇ ਦੀ ਕੁਝ ਲਾਜ ਰੱਖੀ ਹੋਈ ਹੈ। ਨਵਾਂਸ਼ਹਿਰ ਦੇ ਇਲਾਕੇ ਵਿੱਚ ਵੀ ਅਜੇ ਥੋੜ੍ਹੇ-ਬਹੁਤ ਅੰਬ ਹਨ। ਪਰ ਬਾਗ਼ੋ-ਬਾਗ਼ੀ ਬਹਿਸ਼ਤੀ ਨਜ਼ਾਰੇ ਕਿਧਰੇ ਨਹੀਂ। ਉਂਝ ਤਾਂ ਮਾਝੇ ਦੇ ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਵਿੱਚ ਵੀ ਅੰਬ ਹਨ।

ਉਸ ਵੇਲੇ ਦੇ ਬਚਪਨ ਦਾ ਇਕ ਹੋਰ ਆਮ ਵਰਤਾਰਾ ਸੀ। ਬੱਚੇ ਅੰਬੀਆਂ ਤੂੜੀ ਦੇ ਕੁੱਪਾਂ/ਮੂਸਲਾਂ ਜਾਂ ਤੂੜੀ ਵਾਲੇ ਅੰਦਰ ਤੂੜੀ ਵਿੱਚ ਦੱਬ ਕੇ ਰੱਖ ਦਿੰਦੇ ਸਨ। ਇਹ ਇਕ ਕਿਸਮ ਦਾ ਦੇਸੀ ਢੰਗ ਸੀ ਅੰਬਾਂ ਦੀ ਪੈਲ ਪਾਉਣ ਦਾ। ਹਰ ਰੋਜ਼ ਦੇਖਦੇ ਰਹੀਦਾ ਸੀ ਕਿ ਅੰਬ ਪੱਕਿਆ ਕਿ ਨਹੀਂ। ਨਾਲੇ ਇਸ ਬਹਾਨੇ ਪਹਿਰਾ ਵੀ ਦਿੱਤਾ ਜਾਂਦਾ ਸੀ ਕਿ ਕਿਧਰੇ ਕੋਈ ਦੂਸਰਾ ਹੀ ਨਾ ਦਾਅ ਲਾ ਗਿਆ ਹੋਵੇ। ਜਦ ਕੁਝ ਦਿਨਾਂ ਬਾਅਦ ਅੰਬ ਪੱਕ ਜਾਂਦਾ ਸੀ ਤਾਂ ਬੜੇ ਮਜ਼ੇ ਲੈ ਲੈ ਚੂਪੀਦਾ ਸੀ। ਅੰਬ ਫਲਾਂ ਦਾ ਰਾਜਾ ਹੈ। ਸਾਡਾ ਰਾਸ਼ਟਰੀ ਫਲ। ਇਸ ਨੂੰ ਤਪਸ਼ੀ ਖੇਤਰਾਂ ਦਾ ਸੇਬ ਅਤੇ ਦੇਵਤਿਆਂ ਦਾ ਫਲ ਵੀ ਕਿਹਾ ਜਾਂਦਾ ਹੈ। ਇਹ ਆਪਣੀ ਸੁਗੰਧੀ, ਸੁਆਦ ਅਤੇ ਲੱਜ਼ਤ ਕਰਕੇ ਇੱਕ ਵਿਲੱਖਣ ਫਲ ਹੈ। ਸਾਨੂੰ ਅੰਬਾਂ ਦੇ ਬੂਟੇ ਉੱਪਰ ਪੱਕੇ ਹੋਏ ਅੰਬ ਦੇਖ ਕੇ ਇੱਕ ਰੁਮਾਂਚਕਾਰੀ ਅਹਿਸਾਸ ਹੁੰਦਾ ਹੈ, ਇਕ ਅਨੂਠੇ ਵਿਸਮਾਦ ਦਾ ਸੁਖਦ ਅਨੁਭਵ। ਇਸ ਵਾਰ ਦੇਸੀ ਅੰਬਾਂ ਨੂੰ ਬਹੁਤ ਬੂਰ/ਪੋਰ ਪਿਐ ਪਰ ਵਰ੍ਹਦੀ ਅੱਗ 'ਤੇ ਝੱਖੜ-ਝਾਂਜਿਆਂ ਨੇ ਫਲਾਂ ਦਾ ਝਾੜ ਓਨਾ ਨਹੀਂ ਰਹਿਣ ਦਿੱਤਾ। ਯਾਦ ਹੈ ਨਾ 1959 ਦੀ ਪੰਜਾਬੀ ਫ਼ਿਲਮ 'ਭੰਗੜਾ' ਵਿੱਚ ਗਾਇਆ ਸ਼ਮਸ਼ਾਦ ਬੇਗਮ ਦਾ ਗਾਣਾ - 'ਅੰਬੀਆਂ ਦੇ ਬੂਟਿਆਂ 'ਤੇ ਲੱਗ ਗਿਆ ਬੂਰ ਨੀ, ਰੁੱਤ ਵੇ ਮਿਲਾਪਾਂ ਵਾਲੀ ਚੰਨ ਮੇਰਾ ਦੂਰ ਨੀ'। ਕਵੀਆਂ ਨੇ ਅੰਬ ਦੇ ਬੂਰ ਦੀ ਉਪਮਾ 'ਵਸੰਤਦੂਤ' ਨਾਲ ਅਤੇ ਮੰਜਰੀ ਦੀ ਕਾਮਦੇਵ ਦੇ ਤੀਰ ਨਾਲ ਕੀਤੀ ਹੈ।

ਅੰਬ ਬਹਾਰ ਦੀ ਰੁੱਤ ਦੇ ਮਗਰ-ਮਗਰ ਹੀ ਆ ਜਾਂਦੈ। ਅੰਬ ਦੇ ਮਗਰ-ਮਗਰ ਕੋਇਲ ਆ ਜਾਂਦੀ ਐ। ਇਨ੍ਹਾਂ ਤਿੰਨਾਂ ਨੂੰ ਤੱਕ ਕੇ ਪ੍ਰੇਮ-ਪਰੁੱਚੇ ਦਿਲ 'ਚ ਪੀਆ ਮਿਲਣ ਦੀ ਤੜਪ ਹੋਰ ਪ੍ਰਬਲ ਹੋਣ ਲੱਗਦੀ ਹੈ। ਬਹਾਰ ਅਤੇ ਅੰਬ ਰੁਮਾਂਸ ਪੈਦਾ ਕਰਦੇ ਹਨ, ਪਰ ਕੋਇਲ ਦਾ ਪਰਵਾਸ/ਪਰਦੇਸ ਹਰ ਪ੍ਰੀਤ-ਪੀੜਤ ਰੂਹ ਅੰਦਰ ਆਪਣੇ ਪਰਦੇਸੀ ਨੂੰ ਮਿਲਣ ਦੀ ਤਾਂਘ ਪ੍ਰਚੰਡ ਕਰਦਾ ਹੈ। ਕੋਇਲ ਦੀ ਕੂ-ਕੂ ਹਿਰਦੇ ਵਿੱਚ ਧੁਰ ਤੀਕ ਧੂਹ ਪਾਉਂਦੀ ਹੈ।

ਕਿਹਾ ਜਾਂਦੈ ਕਿ ਅੰਬ ਉੱਤਰ-ਪੂਰਬੀ ਭਾਰਤ-ਬਰਮਾ ਦੇ ਇਲਾਕੇ ਵਿੱਚ ਪੈਦਾ ਹੋਇਆ ਤੇ ਫਿਰ ਪੂਰੇ ਵਿਸ਼ਵ ਵਿੱਚ ਫੈਲ ਗਿਆ।

ਸ਼ਬਦ-ਵਿਗਿਆਨ ਅਨੁਸਾਰ ਅੰਗਰੇਜ਼ੀ ਦਾ ਸ਼ਬਦ 'ਮੈਂਗੋ' ਦਰਾਵੜੀਅਨ / ਮਲਿਆਲਮ ਮੂਲ ਦੇ 'ਮੱਨਾ' ਤੋਂ ਪੈਦਾ ਹੋਇਆ ਜਿਸ ਨੂੰ ਪੁਰਤਗਾਲੀਆਂ ਨੇ, ਜੋ 1498 ਵਿੱਚ ਕੇਰਲਾ 'ਚ ਮਸਾਲਿਆਂ ਦਾ ਵਪਾਰ ਕਰਨ ਆਏ ਸਨ, ਪਹਿਲਾਂ 'ਮੰਗਾ' ਅਤੇ 16ਵੀਂ ਸਦੀ ਦੇ ਪਿਛਲੇ ਪਹਿਰ 'ਮੈਂਗੋ' ਦੇ ਰੂਪ ਵਿੱਚ ਅਪਣਾ ਲਿਆ। ਤਾਮਿਲ 'ਚ ਇਸ ਨੂੰ 'ਮੰਗਕੇ' ਜਾਂ 'ਮੰਗੇ', ਸੰਸਕ੍ਰਿਤ 'ਚ 'ਅਮਰਾ' ਅਤੇ ਹਿੰਦੀ/ਬੰਗਾਲੀ 'ਚ 'ਆਮ' ਕਿਹਾ ਜਾਂਦੈ। ਅਮਰਫਲ ਇਸ ਦਾ ਪੁਰਾਣਾ ਨਾਮ ਹੈ ਅਤੇ ਵੈਦਿਕ ਸਾਹਿਤ ਵਿੱਚ ਇਸ ਨੂੰ 'ਰਸਾਲਾ' ਤੇ 'ਸ਼ਾਹਕਾਰਾ' ਕਿਹਾ ਜਾਂਦੈ।

ਅੰਬ ਦਾ ਵਿਗਿਆਨਕ ਨਾਮ 'ਮੈਂਜੀਫਿਰਾ ਇੰਡਿਕਾ' ਹੈ ਅਤੇ ਇਹ 'ਐਨਾਕਾਰਡੀਸੀ' ਪਰਿਵਾਰ ਨਾਲ ਸੰਬੰਧਿਤ ਹੈ।

ਭਾਰਤੀ ਅੰਬ ਦਾ ਆਗਮਨ 4000-5000 ਸਾਲ ਈਸਾ ਪੂਰਵ ਵਿੱਚ ਹੋਇਆ ਮੰਨਿਆ ਜਾਂਦੈ। ਪਰ ਕਈ ਸਰੋਤਾਂ ਵਿੱਚ ਫਾਸਿਲ ਪ੍ਰਮਾਣਾਂ ਨੂੰ ਆਧਾਰ ਮੰਨ ਕੇ ਭਾਰਤ, ਹੁਣ ਦੇ ਬੰਗਲਾਦੇਸ਼ ਅਤੇ ਮਿਆਂਮਾਰ ਵਿੱਚ ਅੰਬ ਦੀ ਹੋਂਦ ਦੇ ਹਵਾਲੇ 25-30 ਮਿਲੀਅਨ ਸਾਲ ਪਹਿਲਾਂ ਦੇ ਦੱਸੇ ਜਾਂਦੇ ਹਨ। ਵੈਦਿਕ ਧਾਰਮਿਕ ਗ੍ਰੰਥਾਂ ਬਰਿਹਾਦਰਿਅੰਕਾ ਉਪਨਿਸ਼ਦ ਅਤੇ ਪੁਰਾਣਾਂ ਵਿੱਚ ਵੀ ਹਵਾਲੇ ਮਿਲਦੇ ਹਨ। ਮਹਾਤਮਾ ਬੁੱਧ ਦੁਆਰਾ ਵੀ ਇੱਕ ਅੰਬਾਂ ਦੇ ਉਪਵਣ ਵਿੱਚ ਭਗਤੀ ਕਰਨ ਦੀ ਗੱਲ ਕਹੀ ਜਾਂਦੀ ਹੈ। ਇਸ ਕਰਕੇ ਹੀ ਬੋਧ ਭਿਖਸ਼ੂਆਂ ਨੇ ਅੰਬਾਂ ਦੇ ਪੌਦਿਆਂ ਦਾ ਪਾਸਾਰ ਕੀਤਾ। ਕ੍ਰਮਵਾਰ ਯੂਨਾਨੀ/ਚੀਨੀ ਯਾਤਰੀ ਅਤੇ ਇਤਿਹਾਸਕਾਰ ਮੈਗਥਨੀਜ਼ (350-290 ਈਸਾ ਪੂਰਵ) ਅਤੇ ਹਿਯੂਨ ਸਾਂਗ (602-664 ਈਸਵੀ) ਨੇ ਵੀ ਅੰਬਾਂ ਦਾ ਜ਼ਿਕਰ ਕੀਤਾ ਹੈ ਅਤੇ ਮੋਰਿਆ ਵੰਸ਼ ਦੇ ਰਾਜਿਆਂ ਵੱਲੋਂ ਆਪਣੀ ਖੁਸ਼ਹਾਲੀ ਦੇ ਪ੍ਰਗਟਾ ਲਈ ਸੜਕਾਂ ਦੇ ਦੋਵੇਂ ਪਾਸੇ ਇਨ੍ਹਾਂ ਦੇ ਲਗਵਾਏ ਜਾਣ ਬਾਰੇ ਲਿਖਿਐ। ਮੁਗਲਾਂ ਨੇ ਵੀ ਬੜੇ ਬਾਗ ਲਗਵਾਏ। ਅਕਬਰ ਨੇ ਤਾਂ ਦਰਭੰਗਾ ਦੇ ਨੇੜੇ 'ਲੱਖਾ ਬਾਗ' ਲਗਵਾਇਆ, ਜਿਸ ਵਿੱਚ ਅੰਬਾਂ ਦੇ ਇੱਕ ਲੱਖ ਪੌਦੇ ਲਗਵਾਏ। ਮਰਾਠਾ ਪੇਸ਼ਵਾ ਰਘੂਨਾਥ ਪੇਸ਼ਵਾ ਨੇ ਮਰਾਠਿਆਂ ਦੀ ਸ੍ਰੇਸ਼ਟਤਾ ਦਰਸਾਉਣ ਲਈ ਇੱਕ ਕਰੋੜ ਅੰਬ ਬਿਜਵਾਏ। ਲੋਕਯਾਨ ਅਨੁਸਾਰ ਕੌਮਾਂਤਰੀ ਪੱਧਰ 'ਤੇ ਮਸ਼ਹੂਰ 'ਐਲਫੈਂਜ਼ੋ' ਇਨ੍ਹਾਂ ਅੰਬਾਂ ਵਿੱਚੋਂ ਹੀ ਵਿਕਸਿਤ ਹੋਇਆ ਦੱਸਿਆ ਜਾਂਦਾ ਹੈ।

ਭਾਰਤ ਅੰਬਾਂ ਦਾ ਵਿਸ਼ਵ ਭਰ ਵਿੱਚ ਸਭ ਤੋਂ ਵੱਡਾ ਉਤਪਾਦਕ ਅਤੇ ਉਪਭੋਗਤਾ ਹੈ। ਪੂਰੇ ਵਿਸ਼ਵ ਦੀ ਅੰਬਾਂ ਦੀ ਫ਼ਸਲ ਵਿੱਚ ਭਾਰਤ ਦਾ 40 ਫੀਸਦੀ ਯੋਗਦਾਨ ਹੈ।

ਪੰਜਾਬੀ ਵਿਸ਼ਵਕੋਸ਼ ਅਨੁਸਾਰ ਬਾਗਾਂ ਵਿੱਚ ਲਗਾਏ ਗਏ ਅੰਬਾਂ ਦੀਆਂ 1400 ਕਿਸਮਾਂ ਦੀ ਜਾਣਕਾਰੀ ਮਿਲਦੀ ਹੈ (ਕਈ ਥਾਂ ਇਹ ਅੰਕੜਾ 1500 ਵੀ ਹੈ)। ਇਨ੍ਹਾਂ ਤੋਂ ਇਲਾਵਾ ਕਈ ਜੰਗਲੀ ਅਤੇ ਦਾਬ ਨਾਲ ਲੱਗਣ ਵਾਲੀਆਂ ਕਿਸਮਾਂ ਵੀ ਹਨ।

ਅੰਬ ਸਾਡੇ ਸੱਭਿਆਚਾਰ, ਲੋਕਧਾਰਾ ਅਤੇ ਵਿਰਾਸਤ ਦਾ ਅਨਿੱਖੜਵਾਂ ਅੰਗ ਹੈ। ਇਸ ਦੀ



ਧਾਰਮਿਕ, ਅਧਿਆਤਮਿਕ ਅਤੇ ਸਿਹਤ ਸੰਬੰਧੀ ਬੜੀ ਮਹਾਨਤਾ ਅਤੇ ਮਹੱਤਤਾ ਹੈ। ਸ਼ਗਨਾਂ ਵੇਲੇ ਅੰਬ ਦੇ ਪੱਤੇ ਘਰ ਦੇ ਪ੍ਰਵੇਸ਼ ਦੁਆਰ ਉੱਪਰ ਬੰਨ੍ਹੇ ਜਾਂਦੇ ਹਨ। ਬਰਖਾ ਦੇ ਦੇਵਤਾ ਵਰੁਣ ਦੀ ਪੂਜਾ ਵੇਲੇ ਇਸ ਦੀ ਵਰਤੋਂ ਹੁੰਦੀ ਹੈ। 'ਹੋਮਾ ਕੁੰਡਮ' (ਸੰਸਕ੍ਰਿਤ ਸ਼ਬਦ ਜਿਸ ਦਾ ਅਰਥ ਪਵਿੱਤਰ ਅਗਨੀ ਵਿੱਚ ਅੰਬਾਂ ਦੇ ਪੱਤਿਆਂ ਰਾਹੀਂ ਘਿਓ ਪਾਉਣ ਦੀ ਰਸਮ ਅਦਾ ਕਰਨਾ ਹੈ) ਤੇ ਸਰਸਵਤੀ ਪੂਜਾ ਵੇਲੇ ਵੀ ਪੱਤੇ ਵਰਤੇ ਜਾਂਦੇ ਹਨ।

ਅੰਬ ਸਿਹਤ-ਵਰਧਕ ਵੀ ਹੈ। ਇਹ ਵਿਟਾਮਿਨ ਏ, ਸੀ ਅਤੇ ਡੀ ਦਾ ਬਹੁਤ ਹੀ ਵਧੀਆ ਸਰੋਤ ਹੈ। ਅੰਬਾਂ ਦੇ ਪੱਤੇ ਸੜਨ ਨਾਲ ਹੋਏ ਜਖਮਾਂ, ਜਾਂ ਉਬਲਦੇ ਪਾਣੀ ਵਿੱਚ ਝੁਲਸਣ ਕਾਰਨ ਹੋਏ ਜਖਮਾਂ ਅਤੇ ਡਾਇਬਿਟੀਜ਼ ਦੇ ਇਲਾਜ ਲਈ ਵਰਤੇ ਜਾਂਦੇ ਹਨ। ਇਹ ਹਾਜ਼ਮੇਦਾਰ, ਕਬਜ਼-ਕੁਸ਼ਾ ਅਤੇ ਤਾਕਤ ਦੇਣ ਵਾਲਾ ਹੁੰਦਾ ਹੈ। ਇਸ ਵਿੱਚ ਫਾਈਬਰ ਅਤੇ ਐਂਟੀ-ਆਕਸੀਡੈਂਟ ਹੁੰਦੇ ਹਨ। ਇਹ ਅੱਖਾਂ ਅਤੇ ਰੋਗ ਨਿਰੋਧਕ ਸ਼ਕਤੀ ਲਈ ਵੀ ਲਾਭਦਾਇਕ ਹੈ। ਅੰਬ ਦਾ ਅਕਸ ਚਿੱਤਰਕਲਾ/ਕੋਮਲ ਕਲਾਵਾਂ ਵਿੱਚ ਆਧਾਰੀ ਗੁਣ ਵਜੋਂ ਸ਼ਾਮਿਲ ਕੀਤਾ ਜਾਂਦਾ ਹੈ, ਬੁਣਾਈ, ਕਢਾਈ, ਮਹਿੰਦੀ, ਰੰਗੋਲੀ ਦੇ ਡਿਜ਼ਾਈਨਾਂ ਵਿੱਚ ਵਰਤਿਆ ਜਾਂਦਾ ਹੈ। ਅੰਬ ਦੀ ਲੱਕੜ ਵੀ ਕਈ ਥਾਂ ਕੰਮ ਆਉਂਦੀ ਹੈ।

ਜਿਥੇ ਐਲਫੈਂਜ਼ੋ, ਸਫੈਦਾ, ਸੰਧੂਰੀ, ਦੁਸਹਿਰੀ, ਮਾਲਦਾ, ਫਾਜ਼ਲੀ, ਲੰਗੜਾ, ਹਾਫੂਜ਼, ਕੇਸਰ, ਚੌਸਾ, ਸਹਾਰਨਪੁਰੀ, ਲਖਨਵੀ, ਤੋਤਾਪਰੀ ਸਮੇਤ ਹੋਰ ਅਨੇਕਾਂ ਅੰਬ ਚੂਪਣ ਲਈ ਵਰਤੇ ਜਾਂਦੇ ਹਨ, ਉਥੇ ਰਾਮਕੇਲਾ ਆਚਾਰ ਪਾਏ ਜਾਣ ਲਈ ਵਰਤਿਆ ਜਾਂਦਾ ਹੈ। ਡੈਜ਼ਰਟਸ, ਮਿਲਕ ਸ਼ੇਕ, ਸ਼ਰਬਤ, ਕੁਲਫੀ, ਆਈਸ ਕਰੀਮ ਆਦਿ ਵਿੱਚ ਪੱਕੇ ਅੰਬ ਵਰਤੇ ਜਾਣ ਤੋਂ ਇਲਾਵਾ ਕੱਚੇ ਅੰਬਾਂ ਦਾ ਆਚਾਰ, ਅੰਬ ਪਾਪੜ, ਅੰਬਚੂਰ, ਛਾਸ਼ੀਆ, ਮੁਰੱਬਾ, ਖਟ-ਮਿੱਠੀ ਚਟਨੀ ਆਦਿ ਬਣਾਏ ਜਾਂਦੇ ਹਨ।

ਫਾਰਸੀ ਸ਼ਾਇਰ ਅਮੀਰ ਖੁਸਰੋ (1253-1325) ਇਸ ਨੂੰ 'ਨਗਜ਼ਾ ਤਾਰੀਨ ਮੇਵਾ ਹਿੰਦੁਸਤਾਨ' ਸਦਦਾ ਸੀ। ਉਹ ਅੰਬ ਨੂੰ ਇੱਕ ਅਜਿਹਾ ਮਹਿਬੂਬ ਕਹਿੰਦਾ ਹੈ, ਜੋ ਉਸ ਦੇ ਸ਼ਹਿਰ ਸਾਲ ਵਿੱਚ ਇੱਕ ਵਾਰ ਆਉਂਦਾ ਹੈ, ਜਿਸ ਉੱਪਰ ਉਹ ਆਪਣਾ ਸਾਰਾ ਪੈਸਾ ਲੁਟਾ ਦਿੰਦਾ ਹੈ ਅਤੇ ਜੋ ਉਸ ਦੇ ਮੂੰਹ ਨੂੰ ਬੋਸਿਆਂ (ਚੁੰਮਣਾਂ) ਅਤੇ ਅੰਮ੍ਰਿਤ ਰਸ ਨਾਲ ਭਰ ਦਿੰਦਾ ਹੈ। ਮੁਗਲ ਸ਼ਹਿਨਸ਼ਾਹ ਇਸ ਨੂੰ ਦੈਵੀ ਫਲ ਕਹਿੰਦੇ ਸਨ ਅਤੇ ਦੂਸਰੇ ਮੁਲਕਾਂ ਤੋਂ ਆਏ ਵਿਸ਼ੇਸ਼ ਮਹਿਮਾਨਾਂ ਨੂੰ ਅੰਬਾਂ ਦੇ ਤੋਹਫੇ ਦੇ ਕੇ ਅੰਬ ਨੂੰ ਕੂਟਨੀਤੀ ਦੇ ਸਾਧਨ ਵਜੋਂ ਵਰਤਦੇ ਸਨ। ਸੌਗਾਤ ਦੇ ਤੌਰ 'ਤੇ ਅੰਬਾਂ ਦੇ ਤੋਹਫੇ ਅੱਜ-ਕਲ੍ਹ ਵੀ ਦਿੱਤੇ ਜਾਂਦੇ ਹਨ। ਹੁਣ ਦਿੱਲੀ ਸਮੇਤ ਵੱਡੇ-ਵੱਡੇ ਸ਼ਹਿਰਾਂ ਵਿੱਚ ਅੰਬਾਂ ਦੇ ਫੈਸਟੀਵਲ ਲੱਗਣ ਲੱਗ ਪਏ ਹਨ।

ਅੰਬ ਵੱਖ-ਵੱਖ ਆਕਾਰ ਅਤੇ ਸ਼ਕਲਾਂ ਦੇ ਹੁੰਦੇ ਹਨ। ਕਈ ਅੰਡਾਕਾਰ, ਕਈ ਗੋਲ, ਕਈ ਦਿਲ ਦੀ ਸ਼ਕਲ ਦੇ, ਕਈ ਪਤਲੇ ਤੇ ਕਈ ਵੱਡ-ਆਕਾਰੀ। ਛੋਟੇ ਤੋਂ ਛੋਟਾ ਅੰਬ ਅਲੂਚੇ ਜਿੱਡਾ ਅਤੇ ਵੱਡੇ ਤੋਂ ਵੱਡਾ ਅੰਬ ਦੋ-ਢਾਈ ਕਿਲੋ ਦਾ ਹੋ ਸਕਦੈ। ਅੰਬ ਦਾ ਸਦਾਬਹਾਰ ਪੌਦਾ 50-60 ਫੁੱਟ ਲੰਮਾ ਹੁੰਦੈ। ਇਸ ਦੇ ਫੁੱਲ ਬਹੁਤ ਛੋਟੇ-ਛੋਟੇ ਅਤੇ ਗੁਲਾਬੀ ਭਾਅ ਮਾਰਦੇ ਗੁੱਛੇਦਾਰ ਹੁੰਦੇ ਹਨ।

ਭਾਵੇਂ ਅੰਬ ਗਿਟਕ ਤੋਂ ਵੀ ਉੱਗ ਪੈਂਦੈ, ਪਰ ਇਸ ਨੂੰ ਲਗਾਉਣ ਦੀਆਂ ਪ੍ਰਚੱਲਿਤ ਵਿਧੀਆਂ ਕਲਮ, ਦਾਬ ਜਾਂ ਚਕਲੀ-ਕੱਢ ਹੀ ਹਨ।

ਅੰਬ ਆਪਣੇ ਖੁਸ਼ਬੂਦਾਰ ਸਵਾਦ / ਮਿਠਾਸ ਅਤੇ ਖੁਮਾਰੀਜਨਕ / ਨਸ਼ੀਲੇ ਰੰਗਾਂ ਕਾਰਨ ਘਰ-ਘਰ ਦਾ ਲਾਡਲਾ ਫਲ ਹੈ। ਪਰ ਇਸ ਵਾਰ ਚੰਗੀ ਕੁਆਲਿਟੀ ਦੇ ਅੰਬਾਂ ਦੀਆਂ ਕੀਮਤਾਂ ਆਸਮਾਨ ਛੋਹ ਰਹੀਆਂ ਹਨ ਅਤੇ ਆਮ ਆਦਮੀ ਨੂੰ ਐਤਕੀਂ ਦੇਸੀ 'ਆਮ' ਨਾਲ ਹੀ ਬੁੱਤਾ ਸਾਰਨਾ ਪੈਣੈ।

ਅੰਬ ਬਾਰੇ ਕਈ ਅਖਾਣ / ਮੁਹਾਵਰੇ ਪ੍ਰਚੱਲਿਤ ਹਨ - ਅੰਬ ਖਾਣੇ ਨੇ ਕਿ ਪੇੜ ਗਿਣਨੇ ਨੇ, ਅੰਬ ਵੱਢ ਅੱਕਾਂ ਨੂੰ ਵਾੜ ਦੇਣੀ, ਅੰਬਾਂ ਨੂੰ ਵੱਢ ਕੇ ਅੱਕਾਂ ਨਾਲ ਜੀ-ਪਰਚਾਵਾ, ਅੰਬਾਂ ਦੀ ਭੁੱਖ ਅੰਬਾਕੜੀਆਂ ਨਾਲ ਨਹੀਂ ਮਿਟਦੀ, ਤੋਤਿਆਂ ਨੂੰ ਬਾਗ ਬਥੇਰੇ ਅੰਬਾਂ ਦਾ ਮਾਣ ਨਾ ਕਰੀਂ, ਅੰਬੀਆਂ ਨੂੰ ਤਰਸੇਂਗੀ ਛੱਡ ਕੇ ਦੇਸ ਦੁਆਬਾ, ਆਮ ਕੇ ਆਮ ਗੁਠਲੀਉਂ ਕੇ ਦਾਮ ਆਦਿ।

ਰਾਬਿੰਦਰਨਾਥ ਟੈਗੋਰ ਨੇ ਅੰਬ ਬਾਰੇ ਕਈ ਕਵਿਤਾਵਾਂ ਲਿਖੀਆਂ, ਸਮੇਤ ਉਸ ਦੀ ਮਸ਼ਹੂਰ ਰਚਨਾ 'ਆਮਰ ਮੌਨਜੋਰੀ' ਦੇ।

ਪਰ ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਅੰਬੀ ਦਾ ਬੂਟਾ' ਦਾ ਕੋਈ ਜਵਾਬ ਨਹੀਂ। ਇਸ ਲੰਮੀ ਕਵਿਤਾ ਵਿੱਚੋਂ ਸਿਰਫ਼ ਸੰਕੇਤ ਮਾਤਰ ਸਤਰਾਂ ਪੇਸ਼ ਹਨ :-

'ਇੱਕ ਬੂਟਾ ਅੰਬੀ ਦਾ,
ਘਰ ਸਾਡੇ ਲੱਗਾ ਨੀ,
ਕੀ ਉਸ ਦਾ ਕਹਿਣਾ ਨੀ,
ਵੇਹੜੇ ਦਾ ਗਹਿਣਾ ਨੀ...।'

ਗੁਰਬਾਣੀ/ਭਾਈ ਗੁਰਦਾਸ ਦੀ ਬਾਣੀ ਵਿੱਚ ਵੀ ਅੰਬ ਦਾ ਜ਼ਿਕਰ ਹੈ :-

'ਕੋਕਿਲ ਅੰਬ ਸੁਹਾਵੀ ਬੋਲੈ
ਕਿਉ ਦੁਖੁ ਅੰਕਿ ਸਹੀਜੈ'॥

ਮਿਰਜ਼ਾ ਗ਼ਾਲਿਬ ਅੰਬਾਂ ਦਾ ਏਨਾ ਸ਼ੌਕੀਨ ਸੀ ਕਿ ਜੋ ਅੰਬ ਪਸੰਦ ਨਹੀਂ ਸਨ ਕਰਦੇ, ਉਹ ਉਨ੍ਹਾਂ ਨੂੰ ਪਸੰਦ ਨਹੀਂ ਸੀ ਕਰਦਾ। ਉਸ ਬਾਰੇ ਇੱਕ ਦੰਦ-ਕਥਾ ਮਸ਼ਹੂਰ ਹੈ ਕਿ ਇੱਕ ਗਧੇ ਵੱਲੋਂ ਅੰਬਾਂ ਦੀ ਢੇਰੀ ਸੁੰਘ ਕੇ ਛੱਡ ਜਾਣ 'ਤੇ ਕਿਸੇ ਨੇ ਉਸ ਨੂੰ ਟਿੱਚਰ ਵਜੋਂ ਕਿਹਾ ਕਿ ਮਿਰਜ਼ਾ, ਦੇਖੋ ਗਧੇ ਵੀ ਅੰਬ ਨਹੀਂ ਖਾਂਦੇ। ਹਾਜ਼ਰ-ਜਵਾਬ ਗ਼ਾਲਿਬ ਨੇ ਤੁਰੰਤ ਮੋੜਵਾਂ ਤੋੜਾ ਕੱਸਿਆ — ਹਾਂ ਜਨਾਬ, ਗਧੇ ਵਾਕਿਆ ਹੀ ਆਮ ਨਹੀਂ ਖਾਤੇ।

ਉਰਦੂ ਸ਼ਾਇਦ ਅਕਬਰ ਇਲਾਹਾਬਾਦੀ ਦੀ ਜ਼ਰਾ ਅੰਬਾਂ ਬਾਰੇ ਆਸ਼ਕੀ ਦੇਖੋ :-

'ਨਾਮਾ ਨਾ ਕੋਈ ਯਾਰ ਕੋ ਪੈਗ਼ਾਮ ਭੇਜੀਏ,
ਇਸ ਫ਼ਸਲ ਮੇਂ ਕੁਛ ਭੇਜੀਏ ਤੋ ਬਸ ਆਮ ਭੇਜੀਏ।
ਐਸੇ ਜ਼ਰੂਰ ਹੋਂ ਕਿ ਉਨ ਕੋ ਰਖ ਕੇ ਖਾ ਸਕੂੰ, ਪੁਖਤਾ (ਪੱਕੇ) ਅਗਰ ਹੋਂ ਬੀਸ ਤੋ ਦਸ ਖਾਮ (ਕੱਚੇ) ਭੇਜੀਏ।



# ਮੱਕੀ ਦੀ ਫਸਲ ਤੋਂ ਭਰਪੂਰ ਝਾੜ ਕਿਵੇਂ ਲਈਏ

**ਰਮਿੰਦਰ ਸਿੰਘ ਘੁੰਮਣ ਅਤੇ ਮਹੇਸ਼ ਕੁਮਾਰ,**
**ਫਾਰਮ ਸਲਾਹਕਾਰ ਸੇਵਾ ਕੇਂਦਰ, ਰੋਪੜ (ਮੋ. 98885-21200)**

ਮੱਕੀ ਪੰਜਾਬ ਦੇ 105.2 ਹਜ਼ਾਰ ਹੈਕਟੇਅਰ ਰਕਬੇ ਤੇ ਕਾਬਜ, ਝੋਨੇ ਅਤੇ ਕਣਕ ਤੋਂ ਬਾਅਦ ਤੀਜੀ ਪ੍ਰਮੁੱਖ ਫਸਲ ਹੈ। ਇਸ ਨੂੰ ਫੀਡ, ਭੋਜਨ ਅਤੇਚਾਰੇ ਤੋਂ ਇਲਾਵਾ ਉਦਯੋਗਿਕ ਵਸਤਾਂ ਜਿਵੇਂ ਕਿ ਸਟਾਰਚ, ਤੇਲ, ਪ੍ਰੋਟੀਨ, ਦਵਾਈਆਂ ਅਤੇ ਪੇਪਰ ਤਿਆਰ ਕਰਨ ਲਈ ਵਰਤਿਆ ਜਾਂਦਾ ਹੈ। ਮੱਕੀ ਨੂੰ ਪੰਜਾਬ ਵਿਚ ਮੁੱਖ ਤੌਰ ਤੇ ਚਾਰੇ ਅਤੇ ਅਨਾਜ ਲਈ ਵਰਤਿਆ ਜਾਂਦਾ ਹੈ। ਪੰਜਾਬ ਵਿਚ ਝੋਨੇ ਹੇਠੋਂ ਰਕਬਾ ਘਟਾਉਣ ਲਈ ਮੱਕੀ ਇਕ ਲਾਹੇਵੰਦ ਫਸਲ ਹੈ। ਝੋਨੇ ਹੇਠੋਂ ਤਾਂ ਹਰ ਹਾਲਤ ਇਹ ਕਟੌਤੀ ਇਸ ਲਈ ਵੀ ਜ਼ਰੂਰੀ ਹੈ ਕਿ ਪਾਣੀ ਦਾ ਪੱਧਰ ਦਿਨੋਂ ਦਿਨ ਬੜੀ ਤੇਜ਼ੀ ਨਾਲ ਥੱਲੇ ਜਾ ਰਿਹਾ ਹੈ। ਇਸ ਤੋਂ ਇਲਾਵਾ ਜ਼ਮੀਨ ਦੀ ਸਿਹਤ ਵਿਚ ਨਿਘਾਰ ਅਤੇ ਵਾਤਾਵਰਨ ਵਿਚ ਵੀ ਆ ਰਿਹਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਮੱਕੀ ਦੀਆਂ ਥੋੜੇ ਸਮੇਂ ਅਤੇ ਜ਼ਿਆਦਾ ਸਮੇਂ ਵਿਚ ਪੱਕਣ ਵਾਲੀਆਂ ਦੋਗਲੀਆਂ ਕਿਸਮਾਂ ਤਿਆਰ ਕਰਨ ਦਾ ਉਪਰਾਲਾ ਕੀਤਾ ਗਿਆ ਹੈ ਅਤੇ ਨਾਲ ਹੀ ਇਨ੍ਹਾਂ ਦੇ ਢੁੱਕਵੀਆਂ ਪੈਦਾਵਾਰ ਅਤੇ ਪੌਦ ਸੁਰੱਖਿਆ ਤਕਨੀਕਾਂ ਵਿਕਸਿਤ ਕੀਤੀਆਂ ਗਈਆਂ ਹਨ। ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀਆਂ ਕਿਸਮਾਂ ਅਤੇ ਕਾਸ਼ਤ ਦੇ ਢੰਗਾਂ ਦਾ ਵੇਰਵਾ ਇਸ ਤਰ੍ਹਾਂ ਹੈ। (ਅੰਤਿਕਾ)

**ਅੰਤਿਕਾ : ਸਾਉਣੀ ਵਿਚ ਕਾਸ਼ਤ ਲਈ ਮੱਕੀ ਦੀਆਂ ਕੰਪੋਜ਼ਿਟ ਅਤੇ ਦੋਗਲੀਆਂ ਕਿਸਮਾਂ**

| ਕਿਸਮ ਦਾ ਨਾਂ | ਪੱਕਣ ਲਈ ਸਮਾਂ (ਦਿਨ) | ਔਸਤਨ ਝਾੜ | ਖਾਸ ਬਿਆਨ |
|---|---|---|---|
| **ਲੰਮਾ ਸਮਾਂ ਲੈਣ ਵਾਲੀਆਂ ਕਿਸਮਾਂ** | | | |
| ਪੀ ਐਮ ਐਚ 14 | 98 | 24.8 | ਇਕਹਿਰੀ ਦੋਗਲੀ ਕਿਸਮ ਸੇਂਜੂ ਹਾਲਤਾਂ ਲਈ |
| ਪੀ ਐਮ ਐਚ 13 | 97 | 24.0 | ਇਕਹਿਰੀ ਦੋਗਲੀ ਕਿਸਮ ਸੇਂਜੂ ਹਾਲਤਾਂ ਲਈ |
| ਪੀ ਐਮ ਐਚ 11 | 95 | 22.0 | ਇਕਹਿਰੀ ਦੋਗਲੀ ਕਿਸਮ ਸੇਂਜੂ ਹਾਲਤਾਂ ਲਈ |
| ਪੀ ਐਮ ਐਚ 1 | 95 | 21.0 | ਇਕਹਿਰੀ ਦੋਗਲੀ ਕਿਸਮ ਸੇਂਜੂ ਹਾਲਤਾਂ ਲਈ |
| ਈ ਡੀ ਵੀ 9293 | 97 | 24.5 | ਇਕਹਿਰੀ ਦੋਗਲੀ ਕਿਸਮ ਸੇਂਜੂ ਹਾਲਤਾਂ ਲਈ |
| ਜੇ ਸੀ 12 | 99 | 18.2 | ਕੰਪੋਜ਼ਿਟ ਕਿਸਮ |
| **ਦਰਮਿਆਨਾ ਸਮਾਂ ਲੈਣ ਵਾਲੀਆਂ ਕਿਸਮਾਂ** | | | |
| ਜੇ ਸੀ 4 | 90 | 13.0 | ਕੰਪੋਜ਼ਿਟ ਕਿਸਮ ਸੇਂਜੂ ਹਾਲਤਾਂ ਅਤੇ ਕੰਢੀ ਇਲਾਕੇ ਲਈ, ਜੈਵਿਕ ਖੇਤੀ ਲਈ ਵੀ |
| **ਥੋੜ੍ਹਾ ਸਮਾਂ ਲੈਣ ਵਾਲੀਆਂ ਕਿਸਮਾਂ** | | | |
| ਪੀ ਐਮ ਐਚ 2 | 83 | 18.0 (ਸੇਂਜੂ) 16.5 (ਬਰਾਨੀ) | ਇਕਹਿਰੀ ਦੋਗਲੀ ਕਿਸਮ ਸੇਂਜੂ ਅਤੇ ਬਰਾਨੀ ਹਾਲਤਾਂ ਲਈ |
| **ਖਾਸ ਵਰਤੋਂ ਲਈ ਕਿਸਮਾਂ** | | | |
| ਪੰਜਾਬ ਸਵੀਟ ਕੌਰਨ 1 | 95-100 | 50.0 (ਹਰੀਆਂ ਛੱਲੀਆਂ) 13.0 (ਦਾਣਿਆਂ ਦਾ ਝਾੜ) | ਕੰਪੋਜ਼ਿਟ ਕਿਸਮ ਮਿੱਠੀਆਂ ਹਰੀਆਂ ਛੱਲੀਆਂ ਲਈ |
| ਪਰਲ ਪੌਪ ਕੌਰਨ | 88 | 12.0 | ਕੰਪੋਜ਼ਿਟ ਕਿਸਮ ਖਿੱਲਾਂ ਬਣਾਉਣ ਲਈ |
| **ਬੇਬੀ ਕੌਰਨ** | | | |
| ਪੰਜਾਬ ਬੇਬੀ ਕੌਰਨ 1 | 60-65 | 8.4 | ਬੂਰ ਰਹਿਤ, ਦੋਗਲੀ ਕਿਸਮ ਬੇਬੀ ਕੌਰਨ ਲਈ |
| ਪ੍ਰਕਾਸ਼ | 55-60 | 7.0 | ਦੋਗਲੀ ਕਿਸਮ ਬੇਬੀ ਕੌਰਨ ਲਈ |

**ਸਾਉਣੀ ਦੀ ਮੱਕੀ ਤੋਂ ਵਧੇਰੇ ਝਾੜ ਲੈਣ ਵਾਸਤੇ ਹੇਠ ਲਿਖੇ ਉੱਨਤ ਕਾਸ਼ਤ ਦੇ ਢੰਗ ਅਪਨਾਓ :**

**ਬਿਜਾਈ ਦਾ ਸਮਾਂ** : ਸੇਂਜੂ ਹਾਲਤਾਂ ਵਿਚ ਮੱਕੀ ਦੀ ਬਿਜਾਈ ਮਈ ਦੇ ਅਖੀਰਲੇ ਹਫਤੇ ਤੋਂ ਅਖੀਰਲੇ ਹਫਤੇ ਤੋਂ ਅਖੀਰ ਜੂਨ ਤੱਕ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਅਗਲੀ ਫਸਲ ਦੀ ਬਿਜਾਈ ਜਿਵੇਂ ਕਿ ਆਲੂ, ਤੋਰੀਆ, ਕਣਕ ਆਦਿ ਲਈ ਖੇਤ ਸਮੇਂ ਸਿਰ ਖਾਲੀ ਹੋ ਜਾਂਦੇ ਹਨ। ਅਪ੍ਰੈਲ-ਮਈ ਦੀ ਬਿਜਾਈ ਨੂੰ ਪਾਣੀ ਵਧੇਰੇ ਲਾਉਣੇ ਪੈਂਦੇ ਹਨ ਅਤੇ ਸੂਤ ਸੁੱਕਣ ਦਾ ਡਰ ਰਹਿੰਦਾ ਹੈ ਜਿਸ ਕਾਰਨ ਦਾਣੇ ਘੱਟ ਬਣਦੇ ਹਨ। ਸਮੇਂ ਸਿਰ ਬੀਜੀ ਫਸਲ ਤੋਂ ਝਾੜ ਵੀ ਚੰਗਾ ਮਿਲਦਾ ਹੈ ਅਤੇ ਬਾਰਿਸ਼ਾਂ ਵਿਚ ਜ਼ਿਆਦਾ ਪਾਣੀ ਦੇ ਨੁਕਸਾਨ ਤੋਂ ਵੀ ਬਚਿਆ ਜਾ ਸਕਦਾ ਹੈ।

**ਬਿਜਾਈ ਦਾ ਢੰਗ ਅਤੇ ਬੀਜ ਦੀ ਮਾਤਰਾ** : ਸਿਫਾਰਿਸ਼ ਕੀਤੇ ਕਾਸ਼ਤ ਦੇ ਢੰਗ ਅਪਨਾਉਣ ਨਾਲ ਬੂਟਿਆਂ ਦੀ ਪੂਰੀ ਗਿਣਤੀ ਦੇ ਨਾਲ-ਨਾਲ ਬੂਟਿਆਂ ਦਾ ਵਾਧਾ ਵੀ ਜ਼ਿਆਦਾ ਹੁੰਦਾ ਹੈ। ਕਿਸਾਨਾਂ ਦੇ ਖੇਤਾਂ ਵਿੱਚ ਬੂਟਿਆਂ ਦੀ ਘੱਟ ਗਿਣਤੀ ਹੋਣਾ ਘੱਟ ਝਾੜ ਦਾ ਪ੍ਰਮੁੱਖ ਕਾਰਨ ਹੈ। ਬੀਜ ਦੀ ਮਾਤਰਾ ਪਰਲ ਪੌਪ ਕੌਰਨ ਲਈ 7 ਕਿਲੋ ਪ੍ਰਤੀ ਏਕੜ ਅਤੇ ਬਾਕੀ ਕਿਸਮਾਂ ਲਈ 10 ਕਿਲੋ ਪ੍ਰਤੀ ਏਕੜ ਵਰਤੋ। ਜ਼ਿਆਦਾ ਸੰਘਣੀ ਬੀਜੀ ਫਸਲ ਤੇ ਛੱਲੀਆਂ ਨਹੀਂ ਲੱਗਦੀਆਂ ਅਤੇ ਝਾੜ ਤੇ ਵੀ ਮਾੜਾ ਅਸਰ ਪੈਂਦਾ ਹੈ। ਮਈ ਦੇ ਅਖੀਰਲੇ ਹਫਤੇ ਤੋਂ ਅੱਧ ਜੂਨ ਤੱਕ ਮੱਕੀ ਦੀ ਬਿਜਾਈ ਟਰੈਕਟਰ ਵਾਲੀ ਰਿਜਰ ਮਸ਼ੀਨ ਨਾਲ ਬਣਾਈਆਂ ਖਾਲੀਆਂ ਵਿੱਚ ਕੀਤੀ ਜਾ ਸਕਦੀ ਹੈ ਜਿਸ ਨਾਲ ਖੁਸ਼ਕ ਅਤੇ ਗਰਮ ਮੌਸਮ ਵਿਚ ਪਾਣੀ ਘੱਟ ਅਤੇ ਸੌਖਾ ਲਗਦਾ ਹੈ। ਖਾਲੀਆਂ ਵਿੱਚ ਬੀਜੀ ਮੱਕੀ ਦੀ ਫਸਲ ਬਹੁਤ ਘੱਟ ਡਿੱਗਦੀ ਹੈ ਅਤੇ ਪੱਧਰੀ ਬਿਜਾਈ ਨਾਲੋਂ ਝਾੜ ਵੀ ਜ਼ਿਆਦਾ ਦਿੰਦੀ ਹੈ। ਛੱਟੇ ਦੀ ਬਿਜਾਈ ਦੇ ਮੁਕਾਬਲੇ ਕਤਾਰਾਂ ਵਿਚ ਕੀਤੀ ਬਿਜਾਈ ਵਧੇਰੇ ਝਾੜ ਦੇਂਦੀ ਹੈ ਅਤੇ ਏਸ ਤੋਂ ਇਲਾਵਾ ਕਤਾਰਾਂ ਵਿਚ ਕੀੜੇ-ਬਿਮਾਰੀ ਦਾ ਸਰਵੇਖਣ ਅਤੇ ਨਦੀਨਾਂ-ਬਿਮਾਰੀਆਂ ਲਈ ਸਪਰੇ ਵੀ ਸੌਖਾ ਹੋ ਜਾਂਦਾ। ਬਿਜਾਈ ਤੇ ਖਰਚਾ ਅਤੇ ਸਮਾਂ ਬਚਾਉਣ ਲਈ ਮੱਕੀ ਦੀ ਬਿਜਾਈ ਜ਼ੀਰੋ ਡਰਿੱਲ ਨਾਲ ਕਣਕ ਦੇ ਖੇਤ ਵਿੱਚ ਬਿਨਾਂ ਵਾਹੀ ਵੀ ਕੀਤੀ ਜਾ ਸਕਦੀ ਹੈ। ਖੇਤ ਦੀ ਪ੍ਰਤੀ ਇਕਾਈ ਵਿੱਚੋਂ ਵੱਧ ਮੁਨਾਫਾ ਲੈਣ ਲਈ ਮੱਕੀ ਦੀਆਂ ਦੋ ਕਤਾਰਾਂ ਵਿਚਕਾਰ ਰਵਾਂਹ ਦੀ ਇਕ ਕਤਾਰ ਬੀਜ ਲਓ ਅਤੇ ਚਾਰੇ ਵਾਸਤੇ 45-55 ਦਿਨਾਂ ਤੇ ਵੱਢ ਲਓ, ਏਸ ਤਰ੍ਹਾਂ ਮੱਕੀ ਦਾ ਝਾੜ ਪੂਰਾ ਅਤੇ ਨਾਲ ਹੀ ਚਾਰਾ ਵਾਧੂ ਹਾਸਿਲ ਹੋਵੇਗਾ। ਬੇਬੀ ਕੌਰਨ ਦੀ ਕਾਸ਼ਤ ਲਈ ਕਤਾਰ ਤੋਂ ਕਤਾਰ ਦਾ ਫਾਸਲਾ 30 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖ ਕੇ 20 ਕਿਲੋ ਪ੍ਰਤੀ ਏਕੜ ਬੀਜ ਨਾਲ ਬਿਜਾਈ ਕਰੋ।

**ਬੈਂਡ ਜਾਂ ਵੱਟਾਂ ਤੇ ਬਿਜਾਈ** : ਬੈਂਡ ਜਾਂ ਵੱਟਾਂ ਤੇ ਬਿਜਾਈ ਨਾਲ ਮੱਕੀ ਦੇ ਉੱਗਣ ਸਮੇਂ ਜ਼ਿਆਦਾ ਬਾਰਿਸ਼ ਨਾਲ ਖੜ੍ਹੇ ਪਾਣੀ ਦੇ ਨੁਕਸਾਨ ਤੋਂ ਬੱਚਤ ਹੋ ਜਾਂਦੀ ਹੈ। ਮੱਕੀ ਦੀ ਬਿਜਾਈ 67.5 ਸੈਂਟੀਮੀਟਰ ਬੈਂਡ ਦੇ ਵਿਚਕਾਰ 3-5 ਸੈਂਟੀਮੀਟਰ ਡੂੰਘਾਈ ਤੇ ਕਰੋ, ਬੂਟੇ ਤੋਂ ਬੂਟੇ ਦਾ ਫਾਸਲਾ 18 ਸੈਂਟੀਮੀਟਰ ਰੱਖੋ ਜਾਂ 60 ਸੈਂਟੀਮੀਟਰ ਦੀ ਵਿੱਥ ਤੇ ਵੱਟਾਂ ਦੇ ਪਾਸੇ ਤੇ 6-7 ਸੈਂਟੀਮੀਟਰ ਦੀ ਉਚਾਈ ਤੇ ਬਿਜਾਈ ਕਰੋ। ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖੋ। ਬੈਂਡ ਬਨਾਉਣ ਲਈ ਕਣਕ ਵਾਲੇ ਬੈਂਡ ਪਲਾਂਟਰ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

**ਖਾਦਾਂ ਦੀ ਵਰਤੋਂ** : ਪੌਸ਼ਟਿਕ ਤੱਤਾਂ ਦਾ ਮੱਕੀ ਦੀਆਂ ਦੋਗਲੀਆਂ ਕਿਸਮਾਂ ਤੇ ਚੰਗਾ ਪ੍ਰਭਾਵ ਪੈਂਦਾ ਹੈ। ਰਸਾਇਣਿਕ ਖਾਦਾਂ ਦੇ ਨਾਲ-ਨਾਲ ਜੈਵਿਕ ਖਾਦਾਂ ਦੀ ਵਰਤੋਂ ਵੀ ਮੱਕੀ ਲਈ ਬਹੁਤ ਲਾਹੇਵੰਦ ਹੈ। ਚੰਗਾ ਝਾੜ ਲੈਣ ਲਈ ਲੰਮੇ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ ਐਮ ਐਚ-13, ਪੀ ਐਮ ਐਚ-11, ਪੀ ਐਮ ਐਚ-1, ਏ ਡੀ ਵੀ 9293, ਜੇ ਸੀ 12 ਅਤੇ ਪੰਜਾਬ ਸਵੀਟ ਕੌਰਨ 1 ਨੂੰ 110 ਕਿਲੋ ਯੂਰੀਆ, 150 ਕਿਲੋ ਸੁਪਰਫਾਸਫੇਟ ਜਾਂ 55 ਕਿਲੋ ਡੀ ਏ ਪੀ ਅਤੇ 20 ਕਿਲੋ ਮਿਉਰੇਟ ਆਫ ਪੋਟਾਸ਼ ਦੀ ਵਰਤੋਂ ਕਰੋ। ਘੱਟ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ ਐਮ ਐਚ-2, ਪ੍ਰਕਾਸ਼, ਜੇ ਸੀ 4 ਅਤੇ ਪਰਲ ਪੌਪ ਕੌਰਨ ਨੂੰ 75 ਕਿਲੋ ਯੂਰੀਆ, 75 ਕਿਲੋ ਸੁਪਰਫਾਸਫੇਟ ਜਾਂ 27 ਕਿਲੋ ਡੀ ਏ ਪੀ ਅਤੇ 15 ਕਿਲੋ ਮਿਊਰੇਟ ਆਫ ਪੋਟਾਸ਼ ਦੀ ਵਰਤੋਂ ਕਰੋ। ਜੇ ਖੇਤ ਵਿਚ ਜ਼ਿੰਕ ਦੀ ਘਾਟ ਹੋਵੇ ਤਾਂ 10 ਕਿਲੋ ਜ਼ਿੰਕ ਸਲਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ। ਜੇਕਰ ਡੀ ਏ ਪੀ 27 ਕਿਲੋ ਅਤੇ 55 ਕਿਲੋ ਪਾਈ ਹੋਵੇ ਤਾਂ ਯੂਰੀਆ 10 ਕਿਲੋ ਅਤੇ 20 ਕਿਲੋ ਕ੍ਰਮਵਾਰ ਘਟਾ ਦਿਉ। ਖਾਦਾਂ ਦੀ ਸਮੇਂ ਸਿਰ ਵਰਤੋਂ ਫਸਲ ਦਾ ਝਾੜ ਵਧਾਉਂਦੀ ਹੈ। ਸਾਰੀ ਫਾਸਫੋਰਸ, ਪੋਟਾਸ਼ ਅਤੇ ਤੀਜਾ ਹਿੱਸਾ ਨਾਈਟ੍ਰੋਜਨ ਵਾਲੀ ਖਾਦ ਬਿਜਾਈ ਸਮੇਂ ਪਾਓ। ਬਾਕੀ ਦੀ ਰਹਿੰਦੀ ਨਾਈਟ੍ਰੋਜਨ ਵਾਲੀ ਖਾਦ ਦੋ ਹਿੱਸਿਆਂ ਵਿਚ ਪਾਓ। ਇਕ ਹਿੱਸਾ ਉਸ ਵੇਲੇ ਜਦ ਫਸਲ ਗੋਡੇ-ਗੋਡੇ ਹੋ ਜਾਵੇ ਅਤੇ ਦੂਸਰਾ ਹਿੱਸਾ ਬੂਰ ਪੈਣ ਤੋਂ ਪਹਿਲਾਂ ਪਾ ਦਿਓ। ਜੇ ਮੱਕੀ ਨੂੰ 6 ਟਨ ਪ੍ਰਤੀ ਏਕੜ ਤੋਂ ਵੱਧ ਚੰਗੀ ਗਲੀ ਸੜੀ ਹਰ ਸਾਲ ਪਾਈ ਜਾਵੇ ਤਾਂ ਬਿਜਾਈ ਸਮੇਂ ਮੱਕੀ ਨੂੰ ਕਿਸੇ ਖਾਦ ਦੀ ਲੋੜ ਨਹੀਂ ਬੇਬੀ ਕੌਰਨ ਦੀ ਕਾਸ਼ਤ ਲਈ 52 ਕਿਲੋ ਯੂਰੀਆ ਦੋ ਹਿੱਸਿਆਂ ਵਿਚ ਪਾਓ। ਇਕ ਹਿੱਸਾ ਬਿਜਾਈ ਸਮੇਂ ਅਤੇ ਦੂਸਰਾ ਉਸ ਵੇਲੇ ਜਦ ਫਸਲ ਗੋਡੇ-ਗੋਡੇ ਹੋ ਜਾਵੇ।

**ਨਦੀਨਾਂ ਦੀ ਰੋਕਥਾਮ** : ਨਦੀਨ ਮੱਕੀ ਨਾਲ ਬਿਜਾਈ ਤੋਂ ਲੈ ਕੇ ਵੱਢਣ ਤੱਕ ਨਮੀ, ਪੌਸ਼ਟਿਕ ਤੱਤ, ਧੁੱਪ, ਜਗ੍ਹਾਂ ਆਦਿ ਲਈ ਮੁਕਾਬਲਾ ਕਰਦੇ ਹਨ। ਨਦੀਨਾਂ ਦੀ ਰੋਕਥਾਮ ਜੇ ਸਹੀ ਸਮੇਂ ਤੇ ਨਾ ਕੀਤੀ ਜਾਵੇ ਤਾਂ ਫਸਲ ਦੇ ਝਾੜ ਤੇ ਮਾੜਾ ਅਸਰ ਪੈਂਦਾ ਹੈ। ਚੌੜੇ ਪੱਤੇ ਵਾਲੇ ਨਦੀਨਾਂ ਲਈ ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਵਿੱਚ ਐਟਰਾਟਾਫ 50 ਡਬਲਯੂ ਪੀ (ਐਟਰਾਜੀਨ) 800 ਗ੍ਰਾਮ ਪ੍ਰਤੀ ਏਕੜ ਅਤੇ ਹਲਕੀਆਂ ਜ਼ਮੀਨਾਂ ਲਈ 500 ਗ੍ਰਾਮ ਪ੍ਰਤੀ ਏਕੜ ਦਸ ਦਿਨਾਂ ਦੇ ਅੰਦਰ-ਅੰਦਰ 200 ਲਿਟਰ ਪਾਣੀ ਵਿਚ ਘੋਲ ਕੇ ਵਰਤੋ। ਬਿਜਾਈ ਤੋਂ ਬਾਅਦ ਸਭ ਤਰ੍ਹਾਂ ਦੇ ਨਦੀਨਾਂ ਦੀ ਰੋਕਥਾਮ ਲਈ ਲੌਡਿਸ 420 ਐਸ ਸੀ (ਟੈਂਬੋਟਰਾਇਨ) 105 ਮਿਲੀਲਿਟਰ ਪ੍ਰਤੀ ਏਕੜ ਦਾ ਛਿੜਕਾਅ 100 ਲਿਟਰ ਪਾਣੀ ਵਿਚ ਘੋਲ ਕੇ ਬਿਜਾਈ ਤੋਂ 20 ਦਿਨਾਂ ਬਾਅਦ ਕਰੋ। ਡੀਲੇ-ਮੋਥੇ ਦੀ ਰੋਕਥਾਮ ਲਈ 2,4-ਡੀ ਅਮਾਈਨ ਸਾਲਟ 58 ਐਸ ਐਲ, 400 ਮਿਲਿ. ਪ੍ਰਤੀ ਏਕੜ ਬਿਜਾਈ ਤੋਂ 20-25 ਦਿਨ ਬਾਅਦ 150 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ।



**ਸਿੰਚਾਈ** : ਆਮ ਤੌਰ ਤੇ ਮੱਕੀ ਨੂੰ 4-6 ਪਾਣੀਆਂ ਦੀ ਲੋੜ ਹੁੰਦੀ ਹੈ, ਜੋ ਕਿ ਝੋਨੇ ਦੇ 25-30 ਪਾਣੀਆਂ ਮੁਕਾਬਲੇ ਕਾਫੀ ਘੱਟ ਹੈ। ਮੱਕੀ ਦੀ ਫਸਲ ਨੂੰ ਕਿਸੇ ਸਮੇਂ ਵੀ ਪਾਣੀ ਦੀ ਘਾਟ ਨਹੀਂ ਆਉਣ ਦੇਣੀ ਚਾਹੀਦੀ ਖਾਸ ਕਰਕੇ ਨਿੱਸਰਣ ਅਤੇ ਸੂਤ ਕੱਤਣ ਸਮੇਂ।

**ਮੱਕੀ ਦੀ ਕਟਾਈ ਅਤੇ ਦਾਣਿਆਂ ਦੀ ਸਾਂਭ ਸੰਭਾਲ** : ਮੱਕੀ ਦੀ ਕਟਾਈ ਉਸ ਸਮੇਂ ਕਰ ਲਓ ਜਦੋਂ ਛੱਲੀਆਂ ਦੇ ਖੱਗੇ ਸੁੱਕ ਕੇ ਭੂਰੇ ਹੋ ਜਾਣ। ਇਸ ਸਮੇਂ ਟਾਂਡੇ ਅਤੇ ਪੱਤੇ ਕੁਝ ਹਰੇ ਹੀ ਹੁੰਦੇ ਹਨ। ਦਾਣਿਆਂ ਵਿਚ ਸਿੱਲ ਦੀ ਮਾਤਰਾ 15 ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣੀ ਚਾਹੀਦੀ। ਛੱਲੀਆਂ ਦੇ ਪਰਦੇ ਲਾਹੁਣ ਅਤੇ ਦਾਣੇ ਕੱਢਣ ਵਾਲੀ ਮਸ਼ੀਨ ਦੀ ਵਰਤੋਂ ਕੀਤੀ ਜਾ ਸਕਦੀ ਹੈ, ਜਿਸ ਨਾਲ ਪਰਦਿਆਂ ਸਮੇਤ ਛੱਲੀਆਂ 'ਚੋਂ ਦਾਣੇ ਕੱਢੇ ਜਾ ਸਕਦੇ ਹਨ। ਦਾਣਿਆਂ ਨੂੰ ਖੁਸ਼ਕ ਅਤੇ ਠੰਡੀਆਂ ਹਾਲਤਾਂ ਵਿਚ ਸਟੋਰ ਕਰਨਾ ਚਾਹੀਦਾ ਹੈ। ਸੁੱਕੇ ਹੋਏ ਦਾਣਿਆਂ ਦਾ ਮੰਡੀ ਵਿਚ ਚੰਗਾ ਮੁੱਲ ਮਿਲਦਾ ਹੈ।

# ਲੀਚੀ ਦੀ ਤੁੜਾਈ ਲਈ ਲੋੜੀਂਦੇ ਸੁਝਾਅ

ਇੰਦਿਰਾ ਦੇਵੀ, ਫਾਰਮ ਸਲਾਹਕਾਰ ਸੇਵਾ ਕੇਂਦਰ, ਹੁਸ਼ਿਆਰਪੁਰ
(ਮੋ. 94598-72106)

ਲੀਚੀ ਆਪਣੇ ਆਪ ਪੱਕਣ ਵਾਲਾ ਫਲ (ਨੌਨ-ਕਲਾਈਮੈਕਟੇਰਿਕ) ਹੋਣ ਕਾਰਨ, ਇਸ ਦੀ ਸਹੀ ਸਮੇਂ 'ਤੇ ਤੁੜਾਈ ਬਹੁਤ ਜ਼ਰੂਰੀ ਹੈ, ਕਿਉਕਿ ਤੁੜਾਈ ਤੋਂ ਬਾਅਦ ਇਸ ਦੀ ਗੁਣਵੱਤਾ ਵਿੱਚ ਸੁਧਾਰ ਨਹੀਂ ਕੀਤਾ ਜਾ ਸਕਦਾ ਹੈ। ਇਸ ਫਲ ਨੂੰ ਜ਼ਿਆਦਾ ਸਮੇਂ ਲਈ ਸਟੋਰ ਵੀ ਨਹੀਂ ਕੀਤਾ ਜਾ ਸਕਦਾ। ਲੀਚੀ ਦੇ ਪੱਕੇ ਫਲ ਨੂੰ ਜ਼ਿਆਦਾ ਸਮੇਂ ਤੱਕ ਬੂਟੇ 'ਤੇ ਰੱਖਣ ਨਾਲ ਇਹ ਪਾਣੀ ਛੱਡ ਦਿੰਦਾ ਹੈ ਅਤੇ ਦੂਰ ਦੀਆਂ ਮੰਡੀਆਂ ਵਿੱਚ ਪਹੁੰਚਾਉਣਾ ਔਖਾ ਹੋ ਜਾਂਦਾ ਹੈ। ਫਲਾਂ ਦੀ ਸਹੀ ਸਮੇਂ



'ਤੇ ਤੁੜਾਈ ਲਈ ਕੁਝ ਮਾਪਦੰਡ ਬਣਾਏ ਗਏ ਹਨ।

**ਲੀਚੀ ਦੀ ਤੁੜਾਈ ਦੇ ਸੰਕੇਤ :**

1. ਲੀਚੀ ਦੇ ਛਿਲਕੇ ਦਾ ਰੰਗ ਬਦਲਣਾ, ਤੁੜਾਈ ਦਾ ਇੱਕ ਮਹੱਤਵਪੂਰਨ ਸੰਕੇਤ ਹੈ। ਜਦੋਂ ਫਲ ਦਾ ਛਿਲਕਾ ਇੱਕਸਾਰ ਗਹਿਰਾ ਲਾਲ ਰੰਗ ਫੜ ਲਵੇ ਤਾਂ ਇਹ ਤੁੜਾਈ ਲਈ ਤਿਆਰ ਹੈ।

2. ਦੂਸਰਾ ਤਰੀਕਾ ਹੈ ਕਿ ਇਸ ਦੀ ਟੀ. ਐਸ. ਐਸ. ਭਾਵ ਕੁੱਲ ਮਿਠਾਸ ਦੀ ਮਾਤਰਾ ਜਿਵੇਂ-ਜਿਵੇਂ ਲੀਚੀ ਦਾ ਫਲ ਪੱਕਦਾ ਹੈ, ਮਿਠਾਸ (ਮੁੱਖ ਤੌਰ 'ਤੇ ਸੁਕਰੋਜ਼, ਗਲੂਕੋਜ਼ ਅਤੇ ਫਰੂਟਕੋਜ਼) ਦੀ ਮਾਤਰਾ ਵੱਧਦੀ ਹੈ, ਜਦੋਂ ਕਿ ਜੈਵਿਕ ਐਸਿਡ (ਮੈਲਿਕ ਐਸਿਡ) ਦੀ ਮਾਤਰਾ ਘੱਟ ਜਾਂਦੀ ਹੈ।

3. ਫਲ ਦੇ ਛਿਲਕੇ ਦਾ ਘੱਟ ਨੁਕੀਲਾ ਹੋਣਾ ਇੱਕ ਵਧੀਆ ਸੰਕੇਤ ਹੈ।

ਬਹੁਤ ਜ਼ਿਆਦਾ ਪੱਕੇ ਹੋਏ ਫਲ ਮਿੱਠੇ ਹੁੰਦੇ ਹਨ, ਪਰ ਨਰਮ ਪੈ ਜਾਂਦੇ ਹਨ। ਇਸ ਲਈ ਫਲਾਂ ਦੇ ਸਹੀ ਸਮੇਂ 'ਤੇ ਤੁੜਾਈ ਲਈ ਇਸਦਾ ਆਕਾਰ, ਰੰਗ, ਮਿਠਾਸ (18-20° ਬ੍ਰਿਕਸ) ਅਤੇ ਸੁਆਦ ਦਾ ਖਾਸ ਧਿਆਨ ਰੱਖਿਆ ਜਾਣਾ ਚਾਹੀਦਾ ਹੈ।

**ਤੁੜਾਈ ਦਾ ਸਹੀ ਸਮਾਂ** : ਲੀਚੀ ਇੱਕ ਜਲਦੀ ਖਰਾਬ ਹੋਣ ਵਾਲਾ ਫਲ ਹੋਣ ਕਾਰਨ ਕਮਰੇ ਦੇ ਤਾਪਮਾਨ 'ਤੇ ਜ਼ਿਆਦਾ ਸਮੇਂ ਲਈ ਸਟੋਰ ਨਹੀਂ ਕੀਤਾ ਜਾ ਸਕਦਾ, ਇਸ ਲਈ ਇਸ ਫ਼ਲ ਦੀ ਤੁੜਾਈ ਕਰਨ ਵੇਲੇ ਆਵਾਜਾਈ ਦੇ ਸਾਧਨ, ਮੌਸਮ, ਮੰਡੀ ਦੀ ਮੰਗ ਆਦਿ ਦਾ ਖਾਸ ਧਿਆਨ ਰੱਖਣਾ ਜ਼ਰੂਰੀ ਹੈ। ਸਵੇਰੇ ਜਲਦੀ ਅਤੇ ਸ਼ਾਮ ਦਾ ਸਮਾਂ ਫਲਾਂ ਦੀ ਤੁੜਾਈ ਲਈ ਬਹੁਤ ਢੁੱਕਵਾਂ ਹੁੰਦਾ ਹੈ। ਦੂਰ ਦੀਆਂ ਮੰਡੀਆਂ ਵਿੱਚ ਲੈ ਕੇ ਜਾਣ ਲਈ ਭੰਡਰਣ ਅਤੇ ਪੈਕਿੰਗ ਸੈਂਟਰ ਦੀ ਸੁਵਿਧਾ ਲਾਜ਼ਮੀ ਹੈ।

**ਪੰਜਾਬ ਵਿੱਚ ਤੁੜਾਈ ਦਾ ਸਮਾਂ** : ਪੰਜਾਬ ਵਿੱਚ ਲੀਚੀ ਜੂਨ ਦੇ ਦੂਜੇ ਅਤੇ ਤੀਜੇ ਹਫਤੇ ਤਿਆਰ ਹੋ ਜਾਂਦੀ ਹੈ। ਦੇਹਰਾਦੂਨ ਕਿਸਮ ਸਭ ਤੋਂ ਪਹਿਲਾਂ ਪੱਕਦੀ ਹੈ ਅਤੇ ਜੂਨ ਦੇ ਤੀਜੇ ਹਫਤੇ ਕਲਕੱਤੀਆ ਅਤੇ ਸੀਡਲੈਸ ਲੇਟ ਕਿਸਮ ਪੱਕ ਜਾਂਦੀ ਹੈ।

**ਤੁੜਾਈ ਦੇ ਤਰੀਕੇ** : ਵਧੀਆ ਗੁਣਕਾਰੀ ਫਲ ਲੈਣ ਲਈ, ਸਹੀ ਸਮੇਂ 'ਤੇ ਪੱਕਣ ਵਾਲੇ ਫਲਾਂ ਦੀ ਚੋਣ ਕਰਨੀ ਬਹੁਤ ਜ਼ਰੂਰੀ ਹੈ, ਕਿਉਕਿ ਲੀਚੀ ਦੇ ਸਾਰੇ ਫਲ ਬੂਟੇ ਅਤੇ ਇੱਕੋ ਸਮੇਂ 'ਤੇ ਨਹੀਂ ਪੱਕਦੇ। ਇਸ ਲਈ ਇੱਕੋ ਬੂਟੇ ਉਪਰ ਕੁਝ ਦਿਨਾਂ ਦੇ ਵਕਫੇ 'ਤੇ ਦੋ ਜਾਂ ਤਿੰਨ ਵਾਰ ਤੁੜਾਈ ਕਰੋ। ਲੀਚੀ ਦੇ ਫਲ ਦੇ ਗੁੱਛਿਆਂ ਨਾਲ ਥੋੜ੍ਹੇ ਜਿਹੇ ਪੱਤੇ ਜ਼ਰੂਰ



ਰੱਖੋ। ਤੁੜਾਈ ਲਈ ਪਿਕਿੰਗ ਪਲੇਟਫਾਰਮ ਜਾਂ ਪੌੜੀਆਂ ਦੀ ਵਰਤੋਂ ਕਰੋ। ਗੁੱਛਿਆਂ ਨੂੰ ਜ਼ਮੀਨ 'ਤੇ ਡਿੱਗਣ ਤੋਂ ਬਚਾਉਣ ਲਈ ਕੱਪੜੇ ਦੀਆਂ ਝੋਲੀਆਂ ਜਾਂ ਪਲਾਸਟਿਕ ਦੇ ਕਰੇਟਾਂ ਦੀ ਵਰਤੋਂ ਕਰੋ। ਫਲਾਂ ਨੂੰ ਦਾਗ ਧੱਬਿਆਂ ਤੋਂ ਬਚਾਉ। ਤੁੜਾਈ ਦੌਰਾਨ ਗੁੱਛੇ ਖਿੱਚ ਕੇ ਨਾ ਤੋੜੋ, ਸਗੋਂ ਕੈਂਚੀ ਨਾਲ ਕੱਟ ਕੇ ਬੂਟਿਆਂ ਤੋਂ ਅਲੱਗ ਕਰੋ, ਨਹੀਂ ਤਾਂ ਛਿਲਕਾ ਉਤਰਨ ਨਾਲ ਉੱਲੀ ਦੀ ਸਮੱਸਿਆ ਹੋਣ ਦਾ ਡਰ ਵੱਧ ਜਾਂਦਾ ਹੈ। ਮੀਂਹ ਤੋਂ ਤੁਰੰਤ ਬਾਅਦ ਫਲ ਨਾ ਤੋੜੋ, ਸਗੋਂ ਤਿੰਨ ਘੰਟੇ ਦਾ ਵਕਫਾ ਰੱਖੋ ਤਾਂ ਜੋ ਲੀਚੀ ਦੀ ਬਾਹਰਲੀ ਚਮੜੀ ਤੋਂ ਨਮੀ ਘੱਟ ਜਾਵੇ ਅਤੇ ਉੱਲੀ ਰੋਗ ਪੈਦਾ ਹੋਣ ਤੋਂ ਬਚਾਅ ਹੋਵੇ।

**ਚਮਕੀ ਬੁਖਾਰ ਜਾਂ ਐਕਿਊਟ ਇਨਸੇਫਲਾਈਟਿਸ ਸਿੰਡਰੋਮ ਅਤੇ ਲੀਚੀ ਦਾ ਖਾਣਾ** : ਇਹ ਬਿਹਾਰ ਦੇ ਮੁਜ਼ੱਫਰਪੁਰ ਅਤੇ ਆਲੇ-ਦੁਆਲੇ ਦੇ ਜ਼ਿਲ੍ਹਿਆਂ ਵਿੱਚ ਹਰ ਸਾਲ ਆਉਣ ਵਾਲੀ ਬਿਮਾਰੀ ਹੈ, ਜਿਸ ਕਾਰਨ ਪਿਛਲੇ ਕੁਝ ਸਾਲਾਂ ਵਿੱਚ ਵੱਡੀ ਗਿਣਤੀ ਵਿੱਚ ਬੱਚਿਆਂ ਦੀ ਮੌਤ ਹੋਈ ਹੈ। ਲੀਚੀ ਫਲ ਦਾ ਖਾਣਾ ਇਸ ਘਾਤਕ ਬਿਮਾਰੀ ਲਈ ਜ਼ਿੰਮੇਵਾਰ ਪਾਇਆ ਗਿਆ ਹੈ, ਪਰ ਆਈ. ਸੀ. ਏ. ਆਰ.-ਰਾਸ਼ਟਰੀ ਖੋਜ ਕੇਂਦਰ ਲੀਚੀ ਮੁਜ਼ੱਫਰਪੁਰ (ਬਿਹਾਰ) ਦੇ ਵਿਗਿਆਨੀਆਂ ਦਾ ਮੰਨਣਾ ਹੈ ਕਿ ਲੀਚੀ ਇਸ ਘਾਤਕ ਬਿਮਾਰੀ ਲਈ ਜ਼ਿੰਮੇਵਾਰ ਨਹੀਂ ਹੈ।

# 2050 ਤੱਕ 4.5 ਡਿਗਰੀ ਵੱਧ ਜਾਵੇਗਾ ਪੰਜਾਬ ਦਾ ਤਾਪਮਾਨ

**★ ਪੀ. ਐਸ. ਸੀ. ਐਸ. ਟੀ., ਆਈ. ਜੀ. ਐਸ. ਡੀ. ਤੇ ਟੀ. ਈ. ਆਰ. ਆਈ. ਦੀ ਸਾਂਝੀ ਰਿਪੋਰਟ ਵਿੱਚ ਕੀਤਾ ਗਿਆ ਦਾਅਵਾ ★ ਅਨਾਜ ਦੀ ਪੈਦਾਵਾਰ ਵੀ ਘਟੇਗੀ, ਕੀਟਨਾਸ਼ਕਾਂ ਦੀ ਵਰਤੋਂ ਅਤੇ ਪਰਾਲੀ ਸਾੜਨ ਦਾ ਪੈਣ ਲੱਗਾ ਅਸਰ**

ਪਰਾਲੀ ਸਾੜਨ, ਜ਼ਿਆਦਾ ਕੀਟਨਾਸ਼ਕਾਂ ਦੀ ਵਰਤੋਂ ਅਤੇ ਝੋਨੇ ਦੀ ਖੇਤੀ ਵਿੱਚ ਪਾਣੀ ਖੜ੍ਹਾ ਰਹਿਣ ਕਾਰਨ ਪੰਜਾਬ ਦੇ ਪੌਣਪਾਣੀ ਵਿੱਚ ਬਦਲਾਅ 2050 ਤੱਕ ਆਪਣੇ ਸਿਖਰ ਤੱਕ ਪੁੱਜ ਸਕਦਾ ਹੈ। ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ (ਪੀ. ਐਸ. ਸੀ. ਐਸ. ਟੀ.), ਇੰਸਟੀਚਿਊਟ ਫਾਰ ਗਵਰਨੈਂਸ ਐਂਡ ਸਸਟੇਨੇਬਲ ਡਿਵਲਪਮੈਂਟ (ਆਈ. ਜੀ. ਐਸ. ਡੀ.) ਅਤੇ ਦਿ ਐਨਰਜੀ ਐਂਡ ਰਿਸੋਰਸਿਸ ਇੰਸਟੀਚਿਊਟ (ਟੀ. ਈ. ਆਰ. ਆਈ.) ਵੱਲੋਂ ਇੱਕ ਸਾਂਝੀ ਰਿਪੋਰਟ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਸਦੀ ਦੇ ਮੱਧ ਤੱਕ ਯਾਨੀ ਕਿ 2050 ਤੱਕ ਪੰਜਾਬ ਦੇ ਤਾਪਮਾਨ ਵਿੱਚ 2.1 ਤੋਂ 4.5 ਡਿਗਰੀ ਸੈਲਸੀਅਸ ਤੱਕ ਵਾਧਾ ਹੋ ਸਕਦਾ ਹੈ। ਤਾਪਮਾਨ ਵਧਣ ਦਾ ਅਸਰ ਫ਼ਸਲਾਂ ਦੇ ਉਤਪਾਦਨ 'ਤੇ ਪਵੇਗਾ, ਜਿਸ ਕਾਰਨ ਕਣਕ ਦੀ ਪੈਦਾਵਾਰ ਵਿੱਚ 6 ਤੋਂ 6.5 ਫੀਸਦੀ, ਚੌਲ ਵਿੱਚ 8 ਫੀਸਦੀ ਅਤੇ ਮੱਕੀ ਦੀ ਫ਼ਸਲ ਵਿੱਚ 13 ਫੀਸਦੀ ਤੱਕ ਕਮੀ ਆ ਸਕਦੀ ਹੈ।

ਦੇਸ਼ ਦੀ ਸਿਰਫ 1.5 ਫੀਸਦੀ ਜ਼ਮੀਨ ਨੂੰ ਕਵਰ ਕਰਨ ਵਾਲੇ ਪੰਜਾਬ ਵਿੱਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਕੌਮੀ ਔਸਤ ਤੋਂ ਵੱਧ ਹੈ। ਇਸ ਦਾ ਮੁੱਖ ਕਾਰਨ ਸੂਬੇ ਵਿੱਚ ਬੇਹੱਦ ਰਸਾਇਣਿਕ ਕੀਟਨਾਸ਼ਕਾਂ ਦਾ ਇਸਤੇਮਾਲ ਹੈ। ਪੰਜਾਬ ਦੇਸ਼ ਦਾ ਤੀਜਾ ਸਭ ਤੋਂ ਵੱਡਾ ਸੂਬਾ ਹੈ, ਜਿੱਥੇ ਸਭ ਤੋਂ ਵੱਧ ਰਸਾਇਣਿਕ ਕੀਟਨਾਸ਼ਕਾਂ ਦੀ ਵਰਤੋਂ ਹੁੰਦੀ ਹੈ। ਸਾਲ 2011 ਤੋਂ ਹੀ ਸੂਬੇ ਵਿੱਚ ਕਈ ਮੌਸਮੀ ਬਦਲਾਅ ਵਾਲੀਆਂ ਘਟਨਾਵਾਂ ਦੇਖਣ ਨੂੰ ਮਿਲੀਆਂ ਹਨ, ਜਿਨ੍ਹਾਂ ਵਿੱਚ 55 ਸਾਲਾਂ ਬਾਅਦ ਪਠਾਨਕੋਟ ਵਿੱਚ ਬਰਫਬਾਰੀ ਤੋਂ ਲੈ ਕੇ ਜੂਨ-ਸਤੰਬਰ 2024 ਦੇ ਮੌਸਮ ਦੌਰਾਨ ਆਮ ਨਾਲੋਂ 28 ਫੀਸਦ ਘੱਟ ਮੀਂਹ ਪੈਣਾ ਵੀ ਸ਼ਾਮਲ ਹੈ। ਇਹ ਨਤੀਜੇ ਇੱਕ ਅਹਿਮ ਰਿਪੋਰਟ, ''ਪੰਜਾਬ ਵਿੱਚ ਨੈਟ ਜ਼ੀਰੋ ਦੇ ਰਾਹ : ਗੈਰ-ਸੀ.ਓ.-2 ਪ੍ਰਦੂਸ਼ਕਾਂ ਦੀ ਮਹੱਤਵਪੂਰਨ ਭੂਮਿਕਾ'' ਵਿੱਚ ਕੱਢੇ ਗਏ ਹਨ। ਪੰਜਾਬ ਉਨ੍ਹਾਂ ਕੁਝ ਭਾਰਤੀ ਸੂਬਿਆਂ ਵਿੱਚ ਸ਼ਾਮਲ ਹੈ, ਜਿਨ੍ਹਾਂ ਨੇ ਵਿਕਾਸ ਦੇ ਕਿਸਾਨੀ-ਆਧਾਰਤ ਮਾਡਲ ਨੂੰ ਅਪਣਾਇਆ ਹੈ। ਇਸ ਵਾਧਾ-ਸੰਚਾਲਤ ਨਜ਼ਰੀਏ ਨੇ ਸੂਬੇ ਨੂੰ ਅਨਾਜ ਦੇ ਮਾਮਲੇ ਵਿੱਚ ਆਤਮ-ਨਿਰਭਰਤਾ ਹਾਸਲ ਕਰਨ ਦੇ ਯੋਗ ਬਣਾਇਆ ਹੈ, ਪਰ ਇਸ ਨੇ ਕੁਦਰਤੀ ਸਰੋਤਾਂ ਦੀ ਘਾਟ ਅਤੇ ਪ੍ਰਦੂਸ਼ਣ ਨੂੰ ਵੀ ਬੜ੍ਹਾਵਾ ਦਿੱਤਾ। ਇਸ ਨਾਲ ਜਨਤਾ ਦੀ ਸਿਹਤ ਲਈ ਗੰਭੀਰ ਖਤਰੇ ਪੈਦਾ ਹੋ ਗਏ। ਸੂਬੇ ਵਿੱਚ 2010 ਤੋਂ 2023 ਦੇ ਵਿਚਾਲੇ ਹੀਟ ਵੇਵ ਵਾਲੇ 128 ਦਿਨ ਦਰਜ ਹੋ ਗਏ ਹਨ, ਜਿਨ੍ਹਾਂ ਵਿੱਚੋਂ ਇਕੱਲੇ 2024 ਵਿੱਚ ਇੱਕ ਦਹਾਕੇ ਦੇ ਸਭ ਤੋਂ ਵੱਧ ਹੀਟਵੇਵ ਵਾਲੇ 27 ਦਿਨ ਰਿਕਾਰਡ ਕੀਤੇ ਗਏ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਸੂਬੇ ਵਿੱਚ ਕੀਟਨਾਸ਼ਕਾਂ ਦਾ ਵੱਧ ਇਸਤੇਮਾਲ ਹੋਣ ਕਾਰਨ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਵੀ ਵੱਧ ਗਈ ਹੈ। ਰਸਾਇਣਿਕ ਖੇਤੀ ਨਾਲ ਜੁੜੇ ਸਿਹਤ ਅਤੇ ਵਾਤਾਵਰਨ ਨਾਲ ਸੰਬੰਧਤ ਡੂੰਘੇ ਖਤਰਿਆਂ ਨੂੰ ਦੇਖਦੇ ਹੋਏ, ਪੰਜਾਬ ਦੇ ਵਿਜ਼ਨ ਡਾਕਮੈਂਟ 2047 ਵਿੱਚ ਇਨ੍ਹਾਂ ਚੁਣੌਤੀਆਂ ਨੂੰ ਘੱਟ ਕਰਨ ਲਈ ਇੱਕ ਜ਼ਰੂਰੀ ਕਦਮ ਵਜੋਂ ਏਕੀਕ੍ਰਿਤ ਖੇਤੀ ਪ੍ਰਣਾਲੀਆਂ ਵਿੱਚ ਤਬਦੀਲੀ ਦਾ ਸੁਝਾਅ ਦਿੱਤਾ ਗਿਆ ਹੈ। ਸੂਬੇ ਵਿੱਚ ਕਾਰਬਨ ਡਾਇਆਕਸਾਈਡ ਗੈਸ ਵੱਧ ਰਹੀ ਹੈ। ਇਸ ਦਾ ਮੁੱਖ ਕਾਰਨ ਪਰਾਲੀ ਸਾੜਨਾ ਵੀ ਹੈ। ਹਾਲਾਂਕਿ ਸਰਕਾਰ ਵੱਲੋਂ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਦੇ ਯਤਨ ਕੀਤੇ ਜਾ ਰਹੇ ਹਨ, ਪਰ ਹਾਲੇ ਤੱਕ ਇਸ ਦੇ ਹਾਂ-ਪੱਖੀ ਨਤੀਜੇ ਸਾਹਮਣੇ ਨਹੀਂ ਆਏ ਹਨ।

# ਕੱਦੂ ਦੇ ਬੀਜ : ਖੁਰਾਕ ਦਾ ਖਜਾਨਾ

ਗਰਮੀ ਦੇ ਮੌਸਮ ਵਿਚ ਸਰੀਰ ਨੂੰ ਠੰਢਕ, ਪੋਸ਼ਣ ਅਤੇ ਊਰਜਾ ਦੀ ਵੱਧ ਲੋੜ ਹੁੰਦੀ ਹੈ। ਕੱਦੂ ਦੇ ਬੀਜ (Pumpkin Seeds)ਇਕ ਐਸੀ ਕੁਦਰਤੀ ਤੌਰ 'ਤੇ ਪੌਸ਼ਕ ਅਤੇ ਫਾਇਦੇਮੰਦ ਚੀਜ਼ ਹੈ, ਜੋ ਗਰਮੀਆਂ ਵਿਚ ਸਿਹਤ ਦੀ ਸੰਭਾਲ ਵਿਚ ਕਾਫੀ ਮਦਦਗਾਰ ਸਾਬਿਤ ਹੁੰਦੀ ਹੈ।

**ਕੱਦੂ ਦੇ ਬੀਜਾਂ ਦਾ ਪੌਸ਼ਣ ਮੁੱਲ**

ਕੱਦੂ ਦੇ ਬੀਜਾਂ ਵਿਚ ਪੌਸ਼ਕ ਤੱਤਾਂ ਦੀ ਮਾਤਰਾ ਕਾਫੀ ਵੱਧ ਹੁੰਦੀ ਹੈ। ਇਸ ਤੋਂ ਇਲਾਵਾ ਬੀਜਾਂ ਵਿਚ ਐਂਟੀਆਕਸੀਡੈਂਟ, ਓਮੇਗਾ-3 ਫੈਟੀ ਐਸਿਡ ਅਤੇ ਅਮੀਨੋ ਐਸਿਡ ਵੀ ਹੁੰਦੇ ਹਨ ਜੋ ਸਰੀਰ ਨੂੰ ਗਰਮੀ ਵਿਚ ਊਰਜਾਵਾਨ ਬਣਾਉਂਦੇ ਹਨ।

**ਗਰਮੀਆਂ ਵਿਚ ਕੱਦੂ ਦੇ ਬੀਜ ਖਾਣ ਦੇ ਫਾਇਦੇ**

**1. ਸਰੀਰ ਨੂੰ ਠੰਢਕ ਪਹੁੰਚਾਉਂਦੇ ਹਨ** : ਕੱਦੂ ਦੇ ਬੀਜਾਂ ਵਿਚ ਵਧੇਰੇ ਮੈਗਨੀਸ਼ੀਅਮ ਅਤੇ ਪੋਟਾਸ਼ੀਅਮ ਹੁੰਦੇ ਹਨ ਜੋ ਸਰੀਰ ਦੇ ਤਾਪਮਾਨ ਨੂੰ ਨਿਯੰਤਰਿੰਤ ਕਰਨ ਵਿਚ ਸਹਾਇਕ ਹਨ। ਗਰਮੀਆਂ ਵਿਚ ਇਨ੍ਹਾਂ ਦੀ ਖਪਤ ਸਰੀਰ ਨੂੰ ਠੰਢਾ ਰੱਖਣ ਵਿਚ ਮਦਦ ਕਰਦੀ ਹੈ।

**2. ਪਾਚਣ ਸ਼ਕਤੀ ਵਿਚ ਸੁਧਾਰ** : ਗਰਮੀਆਂ ਵਿਚ ਅਕਸਰ ਪਾਚਣ ਸੰਬੰਧੀ ਸਮੱਸਿਆਵਾਂ ਹੁੰਦੀ ਹਨ। ਕੱਦੂ ਦੇ ਬੀਜਾਂ ਵਿਚ ਮੌਜੂਦ ਰੇਸ਼ਾ ਅਤੇ ਐਂਜ਼ਾਈਮ ਪਾਚਣ ਨੂੰ ਸੁਧਾਰਦੇ ਹਨ ਅਤੇ ਕਬਜ਼ ਤੋਂ ਰਾਹਤ ਦਿੰਦੇ ਹਨ।

**3. ਪਾਣੀ ਦੀ ਕਮੀ ਤੋਂ ਬਚਾਅ** : ਕੱਦੂ ਦੇ ਬੀਜਾਂ ਵਿਚ ਵੱਡੀ ਮਾਤਰਾ ਵਿਚ ਪੌਸ਼ਕ ਤੱਤ ਹਨ ਜੋ ਪਾਣੀ ਦੇ ਪਾਚਣ ਨੂੰ ਵਧਾਉਂਦੇ ਹਨ। ਇਹ ਸਰੀਰ ਵਿਚ ਪਾਣੀ ਦੇ ਸੰਤੁਲਨ ਨੂੰ ਬਣਾਏ ਰੱਖਦੇ ਹਨ ਅਤੇ ਡੀਹਾਈਡਰੇਸ਼ਨ ਤੋਂ ਬਚਾਉਂਦੇ ਹਨ।

**4. ਚਮੜੀ ਦੀ ਚਮਕ ਵਧਾਉਂਦੇ ਹਨ** : ਗਰਮੀਆਂ ਵਿਚ ਚਮੜੀ ਦੇ ਸੁੱਕੇਪਨ ਤੋਂ ਬਚਣ ਲਈ ਕੱਦੂ ਦੇ ਬੀਜ ਵਿਟਾਮਿਨ ਓ ਅਤੇ ਐਂਟੀਆਕਸੀਡੈਂਟਾਂ ਨਾਲ ਭਰਪੂਰ ਹਨ। ਇਹਨਾਂ ਬੀਜਾਂ ਦੇ ਨਿਯਮਿਤ ਸੇਵਨ ਨਾਲ ਚਮੜੀ ਨਮੀ ਭਰਪੂਰ ਅਤੇ ਚਮਕਦਾਰ ਰਹਿੰਦੀ ਹੈ।

**5. ਦਿਲ ਲਈ ਲਾਭਦਾਇਕ** : ਕੱਦੂ ਦੇ ਬੀਜਾਂ ਵਿਚ ਓਮੇਗਾ-3 ਫੈਟੀ ਐਸਿਡ, ਮੈਗਨੀਸ਼ੀਅਮ ਅਤੇ ਜ਼ਿੰਕ ਹੁੰਦੇ ਹਨ, ਜੋ ਖ਼ੂਨ ਦੇ ਦਬਾਅ ਨੂੰ ਨਿਯੰਤਰਿਤ ਰੱਖਦੇ ਹਨ। ਇਹ ਦਿਲ ਦੀ ਸਿਹਤ ਨੂੰ ਬਿਹਤਰ ਬਣਾਉਂਦੇ ਹਨ ਅਤੇ ਖ਼ੂਨ ਵਿਚ ਖਰਾਬ ਕੋਲੈਸਟਰੋਲ ਨੂੰ ਘਟਾਉਂਦੇ ਹਨ।

**ਰੋਜ਼ਾਨਾ ਖੁਰਾਕ ਵਿਚ ਕੱਦੂ ਦੇ ਬੀਜ ਸ਼ਾਮਲ ਕਰਨ ਦੇ ਤਰੀਕੇ**

★ **ਸਲਾਦ ਵਿਚ ਪਾਓ** : ਕੱਦੂ ਦੇ ਭੁੰਨੇ ਬੀਜ ਸਲਾਦ ਵਿਚ ਪਾਓ।

★ **ਦਾਣੇਦਾਰ ਛੋਲਿਆਂ ਨਾਲ** : ਕੱਦੂ ਦੇ ਬੀਜਾਂ ਨੂੰ ਛੋਲਿਆਂ ਵਿਚ ਮਿਲਾ ਕੇ ਹਲਕਾ ਭੁੰਨ ਕੇ ਸਵੇਰ ਦਾ ਨਾਸ਼ਤਾ ਬਣਾਓ।

★ **ਲੱਸੀ ਜਾਂ ਦਹੀਂ ਵਿਚ** : ਕੁਝ ਬੀਜਾਂ ਨੂੰ ਲੱਸੀ ਜਾਂ ਦਹੀਂ ਵਿਚ ਪਾਓ।

**ਸਾਵਧਾਨੀਆਂ**

★ ਕੱਦੂ ਦੇ ਬੀਜ ਜ਼ਿਆਦਾ ਮਾਤਰਾ ਵਿਚ ਨਾ ਖਾਓ ਕਿਉਕਿ ਇਹ ਕੁਝ ਲੋਕਾਂ ਨੂੰ ਐਲਰਜੀ ਦਾ ਕਾਰਨ ਬਣ ਸਕਦੇ ਹਨ।

★ ਹਮੇਸ਼ਾਂ ਤਾਜ਼ੇ ਅਤੇ ਸਾਫ ਬੀਜਾਂ ਦੀ ਵਰਤੋਂ ਕਰੋ।

★ ਭੁੰਨੇ ਹੋਏ ਬੀਜ ਵਰਤੋਂ ਤਾਂਕਿ ਇਹ ਸੌਖੇ ਹਜ਼ਮ ਹੋ ਸਕਣ।

**ਰਜਿੰਦਰ ਕੌਰ ਅਤੇ ਪ੍ਰਦੀਪ ਕੁਮਾਰ,**
**ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ,**
**ਐਸ. ਬੀ. ਐਸ. ਨਗਰ,**
**ਮੋਬਾਇਲ 62839-9741**

# ਦੇਸ਼ ਦੇ ਵਿਕਾਸ ਲਈ ਜ਼ਰੂਰੀ ਹੈ ਆਰਥਿਕ ਲਾਭਾਂ ਦੀ ਸਮਾਨ ਵੰਡ

ਵਿਰੋਧੀ ਧਿਰ 'ਤੇ ਜਾਤੀ ਜਨਗਣਨਾ ਨੂੰ ਰਾਜਨੀਤਿਕ ਹਥਿਆਰ ਵਜੋਂ ਵਰਤਣ ਦਾ ਦੋਸ਼ ਲਗਾਉਂਦੇ ਹੋਏ ਕੇਂਦਰ ਨੇ ਹੁਣ ਇਕ ਬਦਲਾਅ ਕਰਦਿਆਂ ਆਉਣ ਵਾਲੀ ਰਾਸ਼ਟਰੀ ਜਨਗਣਨਾ 'ਚ ਜਾਤੀ ਜਨਗਣਨਾ ਨੂੰ ਵੀ ਸ਼ਾਮਲ ਕਰਨ ਦਾ ਫੈਸਲਾ ਕੀਤਾ ਹੈ। ਕੇਂਦਰੀ ਸਮਾਜਿਕ ਨਿਆਂ ਤੇ ਸਸ਼ਕਤੀਕਰਨ ਮੰਤਰੀ ਅਨੁਸਾਰ ਇਹ ਫੈਸਲਾ; ਸਾਡੇ ਸਮਾਜ ਦੇ ਸਮਾਜਿਕ ਤੇ ਆਰਥਿਕ ਢਾਂਚੇ ਨੂੰ ਮਜ਼ਬੂਤ ਕਰੇਗਾ ਅਤੇ ਇਸ ਨਾਲ ਰਾਸ਼ਟਰ ਦੀ ਤਰੱਕੀ ਕਰੇਗਾ। ਪਰ ਮੈਂ ਰਾਜਨੀਤਿਕ ਪਹਿਲੂ ਵਿਚ ਨਹੀਂ ਜਾਵਾਂਗਾ, ਇਹ ਨਿਸ਼ਚਤ ਤੌਰ 'ਤੇ ਇਕ 'ਇਤਿਹਾਸਕ ਫੈਸਲਾ' ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਾਤ ਭਾਰਤੀ ਰਾਜਨੀਤੀ ਦੇ ਦਿਲ 'ਚ ਵਸਦੀ ਹੈ ਅਤੇ ਰਹੇਗੀ। ਜਦੋਂ ਤੋਂ ਮੈਂ ਵੱਡਾ ਹੋਇਆ ਹਾਂ, ਉਸ ਸਮੇਂ ਤੋਂ ਇਹ ਸਵਾਲ ਮੈਨੂੰ ਪ੍ਰੇਸ਼ਾਨ ਕਰਦਾ ਰਿਹਾ ਹੈ। ਵਿਦਿਆਰਥੀ ਹੁੰਦਿਆਂ ਸਾਨੂੰ ਜਾਤ ਪ੍ਰਣਾਲੀ ਨੂੰ ਛੱਡਣ ਤੇ ਸਮਾਨਤਾ ਦੇ ਰੰਗੀਨ ਸ਼ੀਸ਼ੇ (ਪ੍ਰਿਜ਼ਮ) ਦੁਆਰਾ ਸਾਰਿਆਂ ਨੂੰ ਬਰਾਬਰ ਵੇਖਣ ਲਈ ਕਿਹਾ ਜਾਂਦਾ ਸੀ; ਪਰ ਹਰ ਚੋਣ ਸਮੇਂ ਜਾਤੀ ਵੰਡ ਬੜੀ ਉੱਚੀ ਤੇ ਸਪੱਸ਼ਟ ਹੋ ਜਾਂਦੀ ਸੀ। ਅਜਿਹਾ ਨਹੀਂ ਹੈ ਕਿ ਜਾਤੀ ਜਨਗਣਨਾ ਇਸ ਵੰਡ ਨੂੰ ਖਤਮ ਕਰ ਦੇਵੇਗੀ, ਪਰ ਘੱਟੋ ਘੱਟ ਇਹ ਤਾਂ ਯਕੀਨੀ ਬਣਾਏਗੀ ਕਿ ਹਾਸ਼ੀਏ 'ਤੇ ਧੱਕੇ ਗਏ ਲੋਕਾਂ ਨੂੰ ਆਰਥਿਕ ਵਿਕਾਸ 'ਚੋਂ ਬਰਾਬਰ ਦਾ ਹਿੱਸਾ ਮਿਲੇ।

ਆਓ ਉਮੀਦ ਕਰੀਏ ਕਿ ਜਾਤੀ ਜਨਗਣਨਾ ਦਾ ਅੰਤਿਮ ਟੀਚਾ ਅਣਗਿਣਤ ਜਾਤਾਂ ਵਿਚ ਸਪੱਸ਼ਟ ਆਰਥਿਕ ਵੰਡ ਵਿਚਕਾਰ ਸਮਾਨਤਾ ਲਿਆਉਣਾ ਹੈ। ਇਕ ਹਿੰਦੀ ਦੈਨਿਕ ਦੀ (2 ਮਈ, 2025) ਦੀ ਇਕ ਰਿਪੋਰਟ ਦੇ ਅਨੁਸਾਰ, 2011 'ਚ ਹੋਈ ਆਖਰੀ ਜਨਗਣਨਾ ਵਿਚ ਕੁੱਲ 46 ਲੱਖ ਜਾਤੀਆਂ ਦੀ ਗਿਣਤੀ ਕੀਤੀ ਗਈ ਸੀ, ਇਨ੍ਹਾਂ 'ਚੋਂ ਜ਼ਿਆਦਾਤਰ ਗੈਰ-ਪ੍ਰਮਾਣਿਤ ਸਨ। ਰਿਪੋਰਟਾਂ ਅਨੁਸਾਰ ਇਸ ਵਾਰ ਸਰਕਾਰ ਵੱਲੋਂ 'ਪਾਰਦਰਸ਼ਤਾ' ਨੂੰ ਯਕੀਨੀ ਬਣਾਏ ਜਾਣ ਦੀ ਸੰਭਾਵਨਾ ਹੈ, ਭਾਵ ਦੱਸੀਆਂ ਜਾਤਾਂ ਦੀ ਸਹੀ ਤਸਦੀਕ ਕਰਕੇ ਪ੍ਰਮਾਣਿਕਤਾ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ। ਇਹ ਕੰਮ ਬਹੁਤ ਵੱਡਾ ਹੈ ਅਤੇ ਉਤਨਾ ਸੌਖਾ ਨਹੀਂ ਹੋਵੇਗਾ, ਜਿੰਨਾ ਅਸੀਂ ਸੋਚਦੇ ਹਾਂ। ਫਿਰ ਵੀ ਇਹ ਸਹੀ ਦਿਸ਼ਾ ਵਿਚ ਲਿਆ ਗਿਆ ਇਕ ਕਦਮ ਹੈ।

**ਦੇਸ਼ ਦੀ ਲਗਭਗ 50 ਫੀਸਦੀ ਆਬਾਦੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਖੇਤੀਬਾੜੀ 'ਚ ਲੱਗੀ ਹੋਣ ਕਰਕੇ ਖੇਤੀਬਾੜੀ ਖੇਤਰ 'ਚ ਜਾਤੀਗਤ ਸੰਰਚਨਾਵਾਂ ਦੀ ਸਭ ਤੋਂ ਵੱਡੀ ਪ੍ਰਤੀਨਿਧਤਾ ਹੈ, ਜਿਸ ਨੂੰ ਜਾਤੀ ਜਨਗਣਨਾ ਦੁਆਰਾ ਨਾਪਿਆ ਜਾ ਸਕਦਾ ਹੈ। ਆਬਾਦੀ ਦੇ ਇੰਨੇ ਵੱਡੇ ਹਿੱਸੇ ਤੱਕ ਪਹੁੰਚਣ ਦਾ ਸਭ ਤੋਂ ਵਧੀਆ ਤਰੀਕਾ ਖੇਤੀਬਾੜੀ ਤੇ ਸਹਾਇਕ ਖੇਤਰਾਂ ਨੂੰ ਮੁੜ ਸੁਰਜੀਤ ਕਰਨਾ ਹੈ। ਜੋ ਬਦਲੇ 'ਚ ਦੇਸ਼ ਦੀ ਰੀੜ੍ਹ ਦੀ ਹੱਡੀ ਬਣਨ ਵਾਲੇ ਪੇਂਡੂ ਅਰਥਚਾਰੇ ਨੂੰ ਮੁੜ ਸੁਰਜੀਤ ਕਰਨਗੇ। ਕਿਸੇ ਵੀ ਸਥਿਤੀ 'ਚ ਨੀਤੀ ਨਿਰਮਾਤਾਵਾਂ ਨੂੰ ਇਹ ਜਾਣਨ ਦੀ ਜ਼ਰੂਰਤ ਹੈ ਕਿ ਦੇਸ਼ 'ਚ ਜਿੱਥੇ 70 ਫੀਸਦੀ ਪੇਂਡੂ ਪਰਿਵਾਰ ਖੇਤੀ 'ਤੇ ਨਿਰਭਰ ਹਨ; ਉਨ੍ਹਾਂ ਲਈ ਸਾਲਾਨਾ ਬਜਟ ਵੰਡ ਕੁਲ ਬਜਟ ਦਾ ਸਿਰਫ 3 ਫੀਸਦੀ ਹੈ। ਇਹ ਸਿਰਫ ਆਰਥਿਕ ਤੌਰ 'ਤੇ ਅਣਉਚਿਤ ਨਹੀਂ, ਸਗੋਂ ਵਿੱਤੀ ਸਰੋਤਾਂ ਦੀ ਨਿਰਪੱਖ ਵੰਡ ਦੀ ਇਕ ਹੋਰ ਘੋਰ ਉਲੰਘਣਾ ਹੈ।**



**ਦਵਿੰਦਰ ਸ਼ਰਮਾ**
ਖੁਰਾਕ ਅਤੇ ਖੇਤੀਬਾੜੀ ਨੀਤੀ ਮਾਹਿਰ, 273, ਸੈਕਟਰ-54, ਮੁਹਾਲੀ-160055, ਪੰਜਾਬ
ਫੋਨ : 018171030033

ਪਿਛਲੇ ਸਾਲ, ਲੋਕ ਸਭਾ ਚੋਣਾਂ ਮੌਕੇ ਪ੍ਰਚਾਰ ਕਰਦਿਆਂ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਕਿਹਾ ਸੀ ; 'ਜਾਤੀ ਜਨਗਣਨਾ ਸਰਵੇਖਣ ਨੂੰ ਸਿਰਫ ਇਕ ਜਾਤੀ ਸਰਵੇਖਣ ਨਾ ਸਮਝੋ.....ਅਸੀਂ ਇਸ 'ਚ ਆਰਥਿਕ ਤੇ ਸੰਸਥਾਗਤ ਸਰਵੇਖਣ ਵੀ ਸ਼ਾਮਿਲ ਕਰਾਂਗੇ।' ਇਹੀ ਉਹ ਥਾਂ ਹੈ ਜਿੱਥੋਂ ਦੌਲਤ ਦੀ ਮੁੜ ਵੰਡ ਦਾ ਮੁੱਦਾ ਉੱਠਿਆ ਸੀ, ਇਕ ਅਜਿਹਾ ਤੱਥ ਜਿਸ ਦਾ ਸ਼ਹਿਰੀ ਕੁਲੀਨ ਵਰਗ ਨੇ ਜ਼ੋਰਦਾਰ ਵਿਰੋਧ ਕੀਤਾ ਸੀ। ਇਹ ਬਹਿਸ ਦੌਰਾਨ ਵੀ ਮੇਰੀ ਇਹ ਦਲੀਲ ਸੀ ਕਿ ਇਹ ਜਾਣਨਾ ਬਹੁਤ ਜ਼ਰੂਰੀ ਸੀ ਕਿ ਕਿਹੜੀ ਜਾਤ ਨੇ ਰਾਸ਼ਟਰੀ ਦੌਲਤ ਤੇ ਸੰਪਤੀਆਂ ਦਾ ਕਿੰਨਾ ਵੱਡਾ ਹਿੱਸਾ ਇਕੱਠਾ ਕੀਤਾ ਹੈ ਅਤੇ ਇਹ ਯਕੀਨੀ ਬਣਾਉਣਾ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਇਤਿਹਾਸਕ ਰੂਪ 'ਚ ਵਾਂਝੇ ਰਹਿ ਗਏ ਲੋਕਾਂ ਨੂੰ ਵਿਕਾਸ ਦੇ ਅਮਲ 'ਚ ਸ਼ਾਮਿਲ ਕਰਨ ਦੀ ਲੋੜ ਹੈ। ਵਿਕਾਸ ਸਾਰਿਆਂ ਲਈ ਲਾਭਕਾਰੀ ਹੋਣਾ ਚਾਹੀਦਾ ਹੈ, ਨਾ ਕਿ ਸਿਰਫ ਸਿਖਰ ਤੇ ਬੈਠੇ ਅਮੀਰਾਂ ਨੂੰ ਹੀ ਲਾਭ ਪਹੁੰਚਾਇਆ ਜਾਵੇ। ਅਮੀਰ ਲੋਕ ਢੁਕਵੀਆਂ ਨੀਤੀਆਂ ਦੁਆਰਾ ਦੌਲਤ ਇਕੱਠੀ ਕਰਨਾ ਜਾਰੀ ਰੱਖਦੇ ਹਨ, ਜਦੋਂ ਕਿ ਗਰੀਬ ਪਿੱਛੇ ਧੱਕ ਦਿੱਤੇ ਜਾਂਦੇ ਹਨ। ਇਹ ਬੇਨਿਯਮੀ ਜਿੰਨੀ ਜਲਦੀ ਖਤਮ ਹੋ ਸਕੇ, ਉੰਨਾ ਹੀ ਬਿਹਤਰ ਹੈ। ਜਾਤੀ ਜਨਗਣਨਾ ਨਾਲ ਅੰਕੜਿਆਂ ਨੂੰ ਸਮਝਣ 'ਚ ਮਦਦ ਮਿਲੇਗੀ ਤੇ ਸਰਕਾਰ ਨੂੰ ਇਹ ਜਾਣਨ ਦੇ ਯੋਗ ਬਣਾਏਗੀ ਕਿ ਢੁੱਕਵੇਂ ਸਰੋਤਾਂ ਨੂੰ ਕਿਥੇ ਲਗਾਇਆ ਜਾਵੇ।

ਖੇਤੀਬਾੜੀ ਵਿਚ ਜਾਤੀ ਸੰਰਚਨਾ ਕਿਤੇ ਵੀ ਇੰਨੀ ਸਪੱਸ਼ਟ ਦਿਖਾਈ ਨਹੀਂ ਦਿੰਦੀ। ਜਦੋਂ ਕਿ ਸਰਕਾਰੀ ਨੌਕਰੀਆਂ ਲਈ ਕੋਟੇ ਦੀ ਮੰਗ ਸਪੱਸ਼ਟ ਤੌਰ 'ਤੇ ਉਨ੍ਹਾਂ ਘੱਟ ਗਿਣਤੀ ਭਾਈਚਾਰਿਆਂ ਦੀ ਹੈ, ਜੋ ਸਿੱਖਿਆ ਤੇ ਹੁਨਰ ਪ੍ਰਾਪਤ ਕਰਨ 'ਚ ਕਾਮਯਾਬ ਹੋ ਗਏ ਹਨ। ਦਲਿਤ ਅਤੇ ਓ. ਬੀ. ਸੀਜ਼ ਦੀ ਬਹੁਗਿਣਤੀ ਸੀਮਾਂਤ ਅਤੇ ਭੂਮੀਹੀਨ ਕਿਸਾਨਾਂ ਜਾਂ ਖੇਤ ਮਜ਼ਦੂਰਾਂ ਵਜੋਂ ਕੰਮ ਕਰਦੀ ਰਹਿੰਦੀ ਹੈ। ਖੇਤੀ ਆਮਦਨ ਸਭ ਤੋਂ ਹੇਠਲੇ ਪੱਧਰ 'ਤੇ ਹੀ ਬਣੀ ਹੋਈ, ਜੋ ਕਿ ਪ੍ਰਤੀ ਕਿਸਾਨ ਪਰਿਵਾਰ ਲਗਭਗ 10,000 ਰੁਪਏ ਤੱਕ ਸੀਮਿਤ ਹੈ। ਇਸ ਲਈ ਖੇਤੀਬਾੜੀ ਵਿਚ ਜਾਂ ਭੂਮੀਹੀਣ ਮਜ਼ਦੂਰਾਂ ਦੇ ਰੂਪ 'ਚ ਹੇਠਲੀਆਂ ਜਾਤਾਂ ਦੇ ਲੋਕਾਂ ਦਾ ਡਾਟਾ ਇਕੱਠਾ ਕਰਨਾ ਸੌਖਾ ਨਹੀਂ ਹੈ। ਇਸ ਨਾਲ ਜੁੜੀ ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੀ ਹੈ ਅਤੇ ਇਨ੍ਹਾਂ 'ਚ ਸ਼ਹਿਰੀ ਖੇਤਰਾਂ ਦੀਆਂ ਝੁੱਗੀਆਂ 'ਚ ਰਹਿਣ ਵਾਲੇ ਲੋਕ ਵੀ ਸ਼ਾਮਿਲ ਹਨ।





ਜਦੋਂ ਕਿ ਰਾਜਨੀਤਕ ਕੋਸ਼ਿਸ਼ ਵੱਜੋਂ ਹਾਸ਼ੀਏ 'ਤੇ ਧੱਕੇ ਗਏ ਭਾਈਚਾਰਿਆਂ ਦੇ ਪ੍ਰਮੁੱਖ ਵਰਗ ਲਈ ਨੌਕਰੀਆਂ 'ਚ ਕੋਟੇ ਦੀ ਮੰਗ ਕਰਨੀ ਹੋਵੇਗੀ। ਹਾਸ਼ੀਏ 'ਤੇ ਧੱਕਿਆ ਗਿਆ ਆਬਾਦੀ ਦਾ ਇਕ ਹਿੱਸਾ ਖੇਤੀਬਾੜੀ 'ਚ ਰੁੱਝਿਆ ਰਹਿੰਦਾ ਹੈ ਅਤੇ ਮੈਨੂੰ ਡਰ ਹੈ ਕਿ ਵਿਕਾਸ ਦੇ ਅਮਲ ਵਿਚ ਉਨ੍ਹਾਂ ਨੂੰ ਪਾਸੇ ਛੱਡ ਦਿੱਤਾ ਜਾਵੇਗਾ। ਵਿਕਾਸ ਦਾ ਲਾਭ ਉਨ੍ਹਾਂ ਭਾਈਚਾਰਿਆਂ ਤੱਕ ਪਹੁੰਚਾਇਆ ਜਾਵੇ ਜੋ ਗੁਜ਼ਾਰਾ ਭੱਤਾ ਤੋਂ ਵਾਂਝੇ ਹਨ ਅਤੇ ਕਿਸੇ ਤਰ੍ਹਾਂ ਹਾਸ਼ੀਏ 'ਤੇ ਰਹਿ ਕੇ ਜੀਅ ਰਹੇ ਹਨ। ਵਿਹਾਰਕ ਉਦੇਸ਼ਾਂ ਲਈ ਅਣਗੌਲੇ ਪਏ ਇਸ ਵਰਗ ਤੱਕ ਪਹੁੰਚ ਦਾ ਸਭ ਤੋਂ ਵਧੀਆ ਤਰੀਕਾ ਬਜਟ ਦੇ ਨਿਯਮਾਂ 'ਤੇ ਮੁੜ ਵਿਚਾਰ ਕਰਨਾ ਹੈ। ਉਨ੍ਹਾਂ ਨੂੰ ਹਮੇਸ਼ਾਂ ਲਈ 5 ਕਿਲੋ ਗ੍ਰਾਮ ਮੁਫਤ ਰਾਸ਼ਨ 'ਤੇ ਰਹਿਣ ਲਈ ਨਹੀਂ ਛੱਡਿਆ ਜਾ ਸਕਦਾ। ਭਾਵੇਂ ਉੱਚ ਵਰਗ ਨਿਸ਼ਚਿਤ ਰੂਪ 'ਚ ਇਸ ਦਾ ਵਿਰੋਧ ਕਰੇਗਾ, ਪਰ ਰਾਜਨੀਤਿਕ ਤੇ ਅਕਾਦਮਿਕ ਸਮਰਥਨ ਦੇ ਮੱਦੇਨਜ਼ਰ ਜ਼ਰੂਰੀ ਬਦਲਾਅ ਕਰਨਾ ਯਕੀਨੀ ਤੌਰ 'ਤੇ ਸੰਭਵ ਹੈ। ਜੇਕਰ ਜਾਤੀ ਜਨਗਣਨਾ ਵਿਚ ਬਦਲਾਅ ਹੋ ਸਕਦਾ ਹੈ ਤਾਂ ਇਸ ਦਾ ਸਮਰਥਨ ਕਰਨ ਵਾਲਿਆਂ ਲਈ ਬਜਟ ਨੂੰ ਮੁੜ ਡਿਜ਼ਾਇਨ ਕਰਵਾਉਣ ਤੇ ਦੇਸ਼ ਨੂੰ ਆਰਥਿਕ ਸੋਚ ਤੇ ਵਿਕਾਸ ਦੀ ਕਾਰਜ ਯੋਜਨਾ ਵਿਚ ਬਦਲਾਅ ਦੀ ਸਖਤ ਜ਼ਰੂਰਤ ਬਾਰੇ ਸਮਝਾਉਣ ਚੁਣੌਤੀਪੂਰਨ ਤਾਂ ਹੈ, ਪਰ ਯਕੀਨਨ ਇੰਨਾ ਮੁਸ਼ਕਲ ਨਹੀਂ ਹੈ।

ਆਓ ਮੈਂ ਦੱਸਦਾ ਹਾਂ ਕਿ ਇਹ ਕਿਵੇਂ ਸੰਭਵ ਹੈ। ਵਾਜਪਾਈ ਸਰਕਾਰ ਨੇ 1996 ਵਿਚ ਆਪਣੇ ਪਹਿਲੇ ਕਾਰਜਕਾਲ ਦੌਰਾਨ ਐਲਾਨ ਕੀਤਾ ਸੀ ਕਿ ਉਹ ਖੇਤੀਬਾੜੀ 'ਚ ਲੱਗੀ 60 ਫੀਸਦੀ ਆਬਾਦੀ ਲਈ ਬਜਟ ਦਾ 60 ਫੀਸਦੀ ਅਲਾਟ ਕਰੇਗੀ। ਇਸ ਐਲਾਨ ਦਾ ਬਹੁਤ ਵਿਰੋਧ ਹੋਇਆ, ਪਰ ਆਰਥਿਕ ਸੋਚ ਵਿਚ ਬਦਲਾਅ ਦਾ ਬੁਨਿਆਦੀ ਜ਼ੋਰ ਇਹ ਯਕੀਨੀ ਬਣਾਉਣਾ ਸੀ, ਕਿ ਬਜਟ ਦੇ ਲਾਭ ਬਰਾਬਰ ਵੰਡੇ ਜਾਣੇ ਚਾਹੀਦੇ ਹਨ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਕਿਵੇਂ ਅਰਥਸ਼ਾਸਤਰੀਆਂ ਤੇ ਮਾਹਿਰਾਂ ਦੀ ਇਕ ਬੰਦ ਦਰਵਾਜ਼ੇ ਦੀ ਮੀਟਿੰਗ ਵਿਚ ਮੇਰੇ ਸੁਝਾਅ ਕਾਰਨ 60 ਫੀਸਦੀ ਆਬਾਦੀ ਲਈ 60 ਫੀਸਦੀ ਬਜਟ ਅਲਾਟ ਕਰਨ ਦੀ ਮੰਗ ਕੀਤੀ ਗਈ ਸੀ। ਭਾਵੇਂ ਇਸ ਦਾ ਵਿਰੋਧ ਉਨ੍ਹਾਂ ਅਰਥ ਸ਼ਾਸਤਰੀਆਂ ਨੇ ਕੀਤਾ, ਜੋ ਵਿੱਤੀ ਘਾਟੇ ਅਤੇ ਚਾਲੂ ਖਾਤੇ ਦੇ ਘਾਟੇ ਨੂੰ ਵਿਕਾਸ ਅਤੇ ਵਿਕਾਸ ਦੇ ਰਸਤੇ ਵਜੋਂ ਕੰਟਰੋਲ ਕਰਨ ਲਈ ਵਧੇਰੇ ਉਤਸਕ ਸਨ। ਮੇਰੀ ਦਲੀਲ ਇਹ ਸੀ ਕਿ ਜੇਕਰ ਕਿਸੇ ਵੀ ਸਰਕਾਰ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਉਸ ਨੂੰ ਸੱਤਾ ਵਿਰੋਧੀ ਲਹਿਰ ਦਾ ਸਾਹਮਣਾ ਨਾ ਕਰਨਾ ਪਵੇ, ਤਾਂ ਵਿੱਤੀ ਸਰੋਤਾਂ ਦੀ ਬਰਾਬਰੀ ਨਾਲ ਮੁੜ ਵੰਡ ਕਰਨ ਤੋਂ ਇਲਾਵਾ ਕੋਈ ਹੋਰ ਰਸਤਾ ਨਹੀਂ ਹੈ। ਹਾਲਾਂਕਿ ਦੁਖਾਂਤ ਇਹ ਰਿਹਾ ਕਿ ਵਾਜਪਾਈ ਦੀ ਉਹ ਸਰਕਾਰ ਸਿਰਫ 13 ਦਿਨ ਹੀ ਚੱਲ ਸਕੀ ਸੀ।

ਦੇਸ਼ ਦੀ ਲਗਭਗ 50 ਫੀਸਦੀ ਆਬਾਦੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਖੇਤੀਬਾੜੀ 'ਚ ਲੱਗੀ ਹੋਣ ਕਰਕੇ ਖੇਤੀਬਾੜੀ ਖੇਤਰ 'ਚ ਜਾਤੀਗਤ ਸੰਰਚਨਾਵਾਂ ਦੀ ਸਭ ਤੋਂ ਵੱਡੀ ਪ੍ਰਤੀਨਿਧਤਾ ਹੈ, ਜਿਸ ਨੂੰ ਜਾਤੀ ਜਨਗਣਨਾ ਦੁਆਰਾ ਨਾਪਿਆ ਜਾ ਸਕਦਾ ਹੈ। ਆਬਾਦੀ ਦੇ ਇੰਨੇ ਵੱਡੇ ਹਿੱਸੇ ਤੱਕ ਪਹੁੰਚਣ ਦਾ ਸਭ ਤੋਂ ਵਧੀਆ ਤਰੀਕਾ ਖੇਤੀਬਾੜੀ ਤੇ ਸਹਾਇਕ ਖੇਤਰਾਂ ਨੂੰ ਮੁੜ ਸੁਰਜੀਤ ਕਰਨਾ ਹੈ। ਜੋ ਬਦਲੇ 'ਚ ਦੇਸ਼ ਦੀ ਰੀੜ੍ਹ ਦੀ ਹੱਡੀ ਬਣਨ ਵਾਲੇ ਪੇਂਡੂ ਅਰਥਚਾਰੇ ਨੂੰ ਮੁੜ ਸੁਰਜੀਤ ਕਰਨਗੇ। ਕਿਸੇ ਵੀ ਸਥਿਤੀ 'ਚ ਨੀਤੀ ਨਿਰਮਾਤਾਵਾਂ ਨੂੰ ਇਹ ਜਾਣਨ ਦੀ ਜ਼ਰੂਰਤ ਹੈ ਕਿ ਦੇਸ਼ 'ਚ ਜਿੱਥੇ 70 ਫੀਸਦੀ ਪੇਂਡੂ ਪਰਿਵਾਰ ਖੇਤੀ 'ਤੇ ਨਿਰਭਰ ਹਨ; ਉਨ੍ਹਾਂ ਲਈ ਸਾਲਾਨਾ ਬਜਟ ਵੰਡ ਕੁਲ ਬਜਟ ਦਾ ਸਿਰਫ 3 ਫੀਸਦੀ ਹੈ। ਇਹ ਸਿਰਫ ਆਰਥਿਕ ਤੌਰ 'ਤੇ ਅਣਉਚਿਤ ਨਹੀਂ, ਸਗੋਂ ਵਿੱਤੀ ਸਰੋਤਾਂ ਦੀ ਨਿਰਪੱਖ ਵੰਡ ਦੀ ਇਕ ਹੋਰ ਘੋਰ ਉਲੰਘਣਾ ਹੈ। ਕਿਸੇ ਪੱਧਰ 'ਤੇ ਨੀਤੀ ਨਿਰਮਾਤਾਵਾਂ ਨੂੰ ਅਰਥਵਿਵਸਥਾ ਨੂੰ ਮੁੜ ਤੋਂ ਡਿਜ਼ਾਇਨ ਕਰਨ ਬਾਰੇ ਸੋਚਣਾ ਪਵੇਗਾ। ਆਉਣ ਵਾਲੇ ਸਾਲਾਂ 'ਚ ਜਦੋਂ ਇਕ ਵਾਰ ਜਾਤੀ ਜਨਗਣਨਾ ਪੂਰੀ ਹੋ ਜਾਵੇਗੀ ਤਾਂ ਆਰਥਿਕ ਵਿਚਾਰ ਪ੍ਰਕਿਰਿਆ ਨੂੰ ਸਭ ਦਾ ਵਿਕਾਸ ਕਰਨ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਭਾਵੇਂ ਇਹ ਮੌਜੂਦਾ ਵਿਕਾਸ ਡਿਜ਼ਾਇਨ ਨੂੰ ਪ੍ਰੇਸ਼ਾਨ ਕਰ ਸਕਦਾ ਹੈ, ਪਰ ਕਿਸੇ ਵੀ ਤਰ੍ਹਾਂ ਨਾਲ ਨੀਤੀ ਦਾ ਜ਼ੋਰ ਪੂਰੇ ਦੇਸ਼ ਨੂੰ ਨਾਲ ਲੈ ਕੇ ਚੱਲਣ ਦਾ ਹੋਣਾ ਚਾਹੀਦਾ ਹੈ, ਨਾ ਕਿ ਵਿਕਾਸ ਨੂੰ ਆਬਾਦੀ ਦੇ ਸਿਖਰਲੇ 10 ਫੀਸਦੀ ਲੋਕਾਂ ਲਈ ਛੱਡ ਦਿੱਤਾ ਜਾਵੇ।

ਰਾਸ਼ਟਰ ਨੂੰ ਨਿਸ਼ਚਿਤ ਤੌਰ 'ਤੇ ਤਰੱਕੀ ਕਰਨ ਦੀ ਜ਼ਰੂਰਤ ਹੈ, ਪਰ ਆਰਥਿਕ ਲਾਭਾਂ ਨੂੰ ਬਰਾਬਰੀ ਨਾਲ ਵੰਡਣ ਤੇ ਮਜ਼ਬੂਤ ਕਰਨਾ, 2047 ਤੱਕ ਭਾਰਤ ਨੂੰ ਵਿਕਸਿਤ ਦੇਸ਼ ਬਣਾਉਣ ਦੀ ਯੋਜਨਾ ਦਾ ਹਿੱਸਾ ਹੋਣਾ ਚਾਹੀਦਾ ਹੈ।

RNI/PUNPUN00806 (42269/83) Postage Registered No. PB/PTA/0338/2025-2027


## ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ



ਵਿਸ਼ੇਸ਼ ਆਫਰ

ਖੇਤੀ ਦੁਨੀਆਂ

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ

ਸਾਲਾਨਾ ਚੰਦਾ

ਸਿਰਫ 100/-* ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ

ਵੱਲੋਂ

ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ

ਚੰਦਿਆਂ 'ਤੇ ਵਿਸ਼ੇਸ਼ ਛੂਟ

ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ

ਇੱਕ ਸਾਲ ਲਈ 500/- ਰੁਪਏ | ਦੋ ਸਾਲ ਲਈ 750/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਖੇਤੀ ਦੁਨੀਆਂ

KHETI DUNIYAN An Exclusive Agri. Weekly

ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575

Website : www.khetiduniyan.in
E-mail : khetiduniyan1983@gmail.com


### ਫਾਜ਼ਿਲਕਾ ਦਾ ਅਗਾਂਹਵਧੂ ਕਿਸਾਨ

# ਸੰਜੇ ਕੁਮਾਰ 5 ਸਾਲਾਂ ਤੋਂ ਝੋਨੇ ਦੀ ਸਿੱਧੀ ਬਿਜਾਈ ਕਰਕੇ ਕਰ ਰਿਹੈ ਪਾਣੀ ਦੀ ਬੱਚਤ

ਫਾਜ਼ਿਲਕਾ ਬਲਾਕ ਦੇ ਪਿੰਡ ਮੁੰਬੇਕੇ ਦਾ ਅਗਾਂਹਵਧੂ ਕਿਸਾਨ ਸ੍ਰੀ ਸੰਜੇ ਕੁਮਾਰ ਬਜਾਜ ਨੇ ਦੱਸਿਆ ਕਿ ਉਹ ਆਪਣੀ ਪਰਿਵਾਰਿਕ 13 ਏਕੜ ਜਮੀਨ ਵਿੱਚ ਪਿਛਲੇ ਪੰਜ ਸਾਲ ਤੋਂ ਝੋਨੇ ਦੀ ਸਿੱਧੀ ਬਿਜਾਈ ਕਰ ਰਿਹੈ ਹੈ। ਕਿਸਾਨ ਨੇ ਕਿਹਾ ਕਿ ਇਸ ਸਾਲ ਉਸਨੇ ਆਪਣੀ 11 ਏਕੜ ਜ਼ਮੀਨ ਵਿੱਚ 17 18 ਕਿਸਮ ਅਤੇ ਦੋ ਏਕੜ ਵਿੱਚ ਪੂਸਾ ਬਾਸਮਤੀ 1121 ਦੀ ਬਿਜਾਈ ਕੀਤੀ ਹੈ।

ਅਗਾਂਹਵਧੂ ਕਿਸਾਨ ਸੰਜੇ ਕੁਮਾਰ ਨੇ ਦੱਸਿਆ ਕਿ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫਾਰਿਸ਼ ਸ਼ੁਦਾ ਕਿਸਮਾਂ ਦੀ ਹੀ ਬਿਜਾਈ ਕਰਦਾ ਹੈ। ਉਨ੍ਹਾਂ ਕਿਹਾ ਕਿ ਪਹਿਲਾ ਉਹ ਸਿੱਧੀ ਬਿਜਾਈ ਨਹੀਂ ਕਰਦੇ ਸਨ ਜਿਸ ਕਾਰਨ ਜਿੱਥੇ ਪਾਣੀ ਦੀ ਵੱਧ ਲੋੜ ਹੁੰਦੀ ਸੀ ਉੱਥੇ ਹੀ ਲੇਬਰ ਦੀ ਵੀ ਬਹੁਤ ਕਮੀ ਆਉਂਦੀ ਸੀ। ਫਿਰ ਖੇਤੀਬਾੜੀ ਦਫਤਰ ਵੱਲੋਂ ਉਸ ਨੂੰ ਸਿੱਧੀ ਬਿਜਾਈ ਦੀ ਸਿਫਾਰਿਸ਼ ਕੀਤੀ ਗਈ ਜਿਸ ਉਪਰੰਤ ਉਸਨੇ ਝੋਨੇ ਦੀ ਸਿੱਧੀ ਬਿਜਾਈ ਕੀਤੀ ਜੋ ਕਿ ਕਾਫੀ ਕਾਰਗਰ ਸਾਬਤ ਹੋਈ। ਉਨ੍ਹਾਂ ਕਿਹਾ ਕਿ ਉਸ ਦੇ ਜ਼ਮੀਨ ਵਿੱਚ ਟਿਊਬਵੈੱਲ ਦੇ ਪਾਣੀ ਨਾਲ ਝੋਨੇ ਦੀ ਬਿਜਾਈ ਕੀਤੀ ਜਾਂਦੀ ਸੀ ਤੇ ਪਹਿਲਾਂ ਪਾਣੀ ਦੀ ਬਹੁਤ ਵਰਤੋਂ ਹੁੰਦੀ ਸੀ ਪਰ ਹੁਣ ਜਿੱਥੇ ਪਾਣੀ ਦੀ ਵਰਤੋਂ ਘਟੀ ਹੈ ਉੱਥੇ ਬਿਜਲੀ ਦੀ ਵਰਤੋਂ ਵੀ ਬਹੁਤ ਘਟੀ ਹੈ। ਇਸ ਤੋਂ ਇਲਾਵਾ ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ ਟਰੈਕਟਰ ਵਹਾਈ ਦਾ ਤੇ ਲੇਬਰ ਦਾ ਖਰਚਾ ਘਟਿਆ ਹੈ।

ਉਨ੍ਹਾਂ ਕਿਹਾ ਕਿ ਹੁਣ ਉਹ ਆਪਣੀ ਸਾਰੀ 13 ਏਕੜ ਜਮੀਨ ਵਿੱਚ ਝੋਨੇ ਦੀ ਸਿੱਧੀ ਬਿਜਾਈ ਕਰ ਰਹੇ ਹਨ ਕਿਉਂਕਿ ਸਿੱਧੀ ਬਿਜਾਈ ਕਰਨ ਨਾਲ ਉਸ ਫਸਲ ਦਾ ਝਾੜ ਵੀ ਵਧਿਆ ਹੈ। ।




ਉਨ੍ਹਾਂ ਦੱਸਿਆ ਕਿ ਸਿੱਧੀ ਬਿਜਾਈ ਵਾਲੇ ਖੇਤ ਵਿੱਚ ਵਿੱਚ ਬੀਜੀ ਫਸਲ ਨੂੰ ਬਿਮਾਰੀਆਂ ਘੱਟ ਲੱਗਦੀਆਂ ਹਨ ਜਿਸ ਨਾਲ ਸਪਰੇਆਂ ਦਾ ਖਰਚਾ ਵੀ ਘਟਦਾ ਹੈ। ਉਨ੍ਹਾਂ ਕਿਹਾ ਕਿ ਉਹ ਖੇਤੀਬਾੜੀ ਵਿਭਾਗ ਵੱਲੋਂ ਸਮੇਂ ਸਮੇਂ ਕੀਤੀਆਂ ਗਈਆਂ ਸਿਫਾਰਸ਼ਾਂ ਨੂੰ ਆਪਣੇ ਖੇਤ ਵਿੱਚ ਲਾਗੂ ਕਰਦੇ ਹਨ ਹੈ।

ਇਸ ਮੌਕੇ ਖੇਤੀਬਾੜੀ ਵਿਭਾਗ ਤੋਂ ਬੀਟੀਐਮ ਰਾਜਦਵਿੰਦਰ ਸਿੰਘ ਨੇ ਦੱਸਿਆ ਕਿ ਫਾਜਲਕਾ ਦੇ ਪਿੰਡ ਮੁੰਬੇਕੇ ਦਾ ਅਗਾਂਹਵਧੂ ਕਿਸਾਨ ਸੰਜੇ ਕੁਮਾਰ ਝੋਨੇ ਦੀ ਸਿੱਧੀ ਬਿਜਾਈ ਕਰਕੇ ਜਿੱਥੇ ਧਰਤੀ ਹੇਠਲੇ ਪਾਣੀ ਦੀ ਬਚਤ ਕਰ ਰਿਹਾ ਉਥੇ ਹੀ ਬਿਜਲੀ ਵੀ ਬਚਾ ਰਿਹਾ ਹੈ। ਉਹਨਾਂ ਕਿਹਾ ਕਿ ਇਹ ਅਗਾਂਹ ਵਧੂ ਕਿਸਾਨ ਸਮੇਂ ਸਮੇਂ ਤੇ ਖੇਤੀਬਾੜੀ ਵਿਭਾਗ ਨਾਲ ਰਾਬਤਾ ਕਾਇਮ ਕਰਕੇ ਆਪਣੇ ਖੇਤਾਂ ਵਿੱਚ ਸਿੱਧੀ ਬਿਜਾਈ ਨਾਲ ਝੋਨੇ ਦੀ ਬਿਜਾਈ ਕਰਦਾ ਹੈ ਜਿਸ ਸਦਕਾ ਇਸ ਦੀ ਝੋਨੇ ਦੀ ਫਸਲ ਦਾ ਝਾੜ ਵੀ ਵਧਦਾ ਹੈ! ਉਨ੍ਹਾਂ ਜ਼ਿਲ੍ਹੇ ਦੇ ਹੋਰਨਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਇਸ ਕਿਸਾਨ ਤੋਂ ਪ੍ਰੇਰਨਾ ਲੈ ਕੇ ਝੋਨੇ ਦੀ ਸਿੱਧੀ ਬਿਜਾਈ ਖੇਤੀਬਾੜੀ ਵਿਭਾਗ ਦੀਆਂ ਸਿਫਾਰਸ਼ਾਂ ਅਨੁਸਾਰ ਕਰਨ ਤੇ ਘੱਟ ਖਰਚੇ ਵਿੱਚ ਵੱਧ ਝਾੜ ਪ੍ਰਾਪਤ ਕਰਨ।

# ਝੋਨੇ ਦੀ ਪਨੀਰੀ ਨੂੰ ਐਜ਼ੋਸਪਾਇਰਲਮ ਜੀਵਾਣੂੰ ਟੀਕਾ ਲਾਓ ਅਤੇ ਮਿੱਟੀ ਦੀ ਸਿਹਤ ਵਿੱਚ ਸੁਧਾਰ ਨਾਲ ਵੱਧ ਝਾੜ ਪਾਓ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਝੋਨੇ ਦੀ ਪਨੀਰੀ ਲਈ ਸਿਫਾਰਿਸ਼ ਕੀਤੀ ਐਜ਼ੋਸਪਾਈਰੀਲਮ ਜੀਵਾਣੂੰ ਖਾਦ ਜਾਂ ਟੀਕੇ ਵਿੱਚ ਮੌਜੂਦ ਜੀਵਾਣੂੰ ਐਜ਼ੋਸਪਾਈਰੀਲਮ ਬ੍ਰਾਸੀਲੈਂਸ, ਖੜੇ ਪਾਣੀ ਵਿੱਚ ਨਾਈਟਰੋਜਨ ਜਮ੍ਹਾ ਕਰਕੇ ਪੌਦਿਆਂ ਦੇ ਵਿਕਾਸ ਨੂੰ ਵਧਾਉਣ ਵਿੱਚ ਸਮਰੱਥ ਹੈ । ਸੋਧ ਲਈ 500 ਗ੍ਰਾਮ ਚਾਰਕੋਲ ਆਧਾਰਿਤ ਐਜ਼ੋਸਪਾਈਰੀਲਮ ਜੀਵਾਣੂੰ ਖਾਦ ਨੂੰ ਇੱਕ ਏਕੜ ਦੀ ਪਨੀਰੀ ਲਈ ਸਿਫਾਰਿਸ਼ ਕੀਤਾ ਗਿਆ ਹੈ, ਜਿਸ ਦੀ ਲਾਗਤ 50/- ਰੁਪਏ ਪ੍ਰਤੀ ਏਕੜ ਹੈ । ਝੋਨੇ ਦੀ ਲੁਆਈ (ਟਰਾਂਸਪਲਾਂਟਿੰਗ) ਤੋਂ ਪਹਿਲਾਂ, ਐਜ਼ੋਸਪਾਈਰੀਲਮ ਜੀਵਾਣੂੰ ਖਾਦ ਨੂੰ ਪਨੀਰੀ ਦੀਆਂ ਜੜ੍ਹਾਂ ਨੂੰ ਲਗਾਉ ।



**ਝੋਨੇ ਦਾ ਟੀਕਾ ਵਰਤਣ ਦਾ ਢੰਗ :**

★ ਇੱਕ ਪੈਕੇਟ ਜੀਵਾਣੂੰ ਖਾਦ ਨੂੰ 100 ਲੀਟਰ ਪਾਣੀ ਵਿੱਚ ਘੋਲ ਲਉ ।

★ ਇੱਕ ਏਕੜ ਲਈ ਝੋਨੇ ਦੀ ਪਨੀਰੀ ਦੀਆਂ ਜੜ੍ਹਾਂ ਨੂੰ 45 ਮਿੰਟ ਲਈ ਇਸ ਘੋਲ ਵਿੱਚ ਰੱਖਣ ਤੋਂ ਬਾਅਦ ਖੇਤ ਵਿੱਚ ਲਗਾ ਦਿਉ ।

**ਝੋਨੇ ਦਾ ਟੀਕਾ ਵਰਤਣ ਦੇ ਲਾਭ :**

★ ਘੱਟ ਖਰਚੇ ਨਾਲ ਪੌਦਿਆਂ ਨੂੰ ਪੋਸ਼ਣ ਮਿਲਦਾ ਹੈ ।

★ ਹਵਾ ਵਿਚਲੀ ਨਾਈਟਰੋਜਨ ਪੌਦਿਆਂ ਲਈ ਉਪਲੱਬਧ ਹੁੰਦੀ ਹੈ ।

★ ਫ਼ਸਲ ਦੇ ਝਾੜ ਵਿੱਚ ਵਾਧਾ ਹੁੰਦਾ ਹੈ ।

**ਜੀਵਾਣੂੰ ਖਾਦ ਵਰਤਣ ਸਮੇਂ ਸਾਵਧਾਨੀਆਂ :**

★ ਜੀਵਾਣੂੰ ਖਾਦ ਦਾ ਲਿਫਾਫਾ ਧੁੱਪ ਅਤੇ ਗਰਮੀ ਤੋਂ ਦੂਰ ਠੰਢੀ ਥਾਂ 'ਤੇ ਹੀ ਰੱਖੋ ਅਤੇ ਲਗਾਉਣ ਵੇਲੇ ਹੀ ਖੋਲੋ ।

★ ਜੀਵਾਣੂੰ ਖਾਦ ਨੂੰ ਮਿਆਦ ਪੁੱਗਣ ਤੋਂ ਪਹਿਲਾਂ ਹੀ ਵਰਤੋ ।

★ ਜੀਵਾਣੂੰ ਖਾਦ ਨੂੰ ਰਸਾਇਣਿਕ ਖਾਦ ਨਾਲ ਮਿਲਾ ਕੇ ਨਾ ਵਰਤੋ ।

**ਜੀਵਾਣੂੰ ਖਾਦਾਂ ਬਾਰੇ ਵਧੇਰੇ ਜਾਣਕਾਰੀ ਅਤੇ ਉਪਲੱਬਧਤਾ :** ਇਹ ਜੀਵਾਣੂੰ ਖਾਦ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਮਾਈਕਰੋਬਾਇਓਲੋਜੀ ਵਿਭਾਗ ਜਾਂ ਪੀ. ਏ. ਯੂ. ਦੇ ਇੱਕ ਨੰ. ਗੇਟ 'ਤੇ ਬੀਜਾਂ ਦੀ ਦੁਕਾਨ ਵਿਖੇ ਅਤੇ ਵੱਖੋ-ਵੱਖਰੇ ਜ਼ਿਲ੍ਹਿਆਂ ਵਿੱਚ ਸਥਿਤ ਕ੍ਰਿਸ਼ੀ ਵਿਗਿਆਨ ਕੇਂਦਰ ਜਾਂ ਫਾਰਮ ਸਲਾਹਕਾਰ ਕੇਂਦਰ ਅਤੇ ਖੇਤਰੀ ਖੋਜ ਕੇਂਦਰਾਂ 'ਤੇ ਮਿਲਦਾ ਹੈ । ਜੀਵਾਣੂੰ ਖਾਦਾਂ ਦੇ ਲਾਭ ਅਤੇ ਵਰਤਣ ਸੰਬੰਧੀ ਵਧੇਰੇ ਜਾਣਕਾਰੀ ਮੁਖੀ, ਮਾਈਕ੍ਰੋਬਾਇਓਲੋਜੀ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਜਾਂ hodmb@pau.edu 'ਤੇ ਈ-ਮੇਲ ਕਰਕੇ ਜਾਂ 0161-2401960 ਲੁਧਿਆਣਾ ਐਕਸਟੇਂਸ਼ਨ 330 'ਤੇ ਸੰਪਰਕ ਕਰਕੇ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ ।